# ਆਤਮਿਕ ਯੁੱਧ ਨੂੰ ਸਮਝਣਾ, ਅਤੇ "ਦੋ ਬੀਜ"

ਫ੍ਰੈਂਕਲਿਨ ਦੇ ਨੋਟਸ


I. ਪਹਿਲਾ ਵਿਦ੍ਰੋਹ: ਸਵਰਗਦੂਤਾਂ ਵੱਲੋਂ ਸਫ਼ਾ 2
II. ਮਨੁੱਖ ਸਾਹਮਣੇ ਆਉਂਦਾ ਹੈ ਸਫ਼ਾ 3
III. ਦੂਜਾ ਵਿਦ੍ਰੋਹ: ਮਨੁੱਖਜਾਤੀ ਵੱਲੋਂ ਸਫ਼ਾ 3
IV. ਔਰਤ ਦਾ ਪਹਿਲਾ ਬੀਜ ਸਫ਼ਾ 5
V. ਸ਼ਤਾਨ ਵੱਲੋਂ "ਔਰਤ ਦੇ ਬੀਜ" ਉੱਤੇ ਵੱਡੇ ਹਮਲੇ ਦਾ ਨਤੀਜਾ ਜਲ ਪਰਲੋ ਦੇ ਰੂਪ ਵਿੱਚ ਨਿੱਕਲਿਆ ਸਫ਼ਾ 7
VI. ਮੁਕਤੀਦਾਤੇ ਦੀ ਆਤਮਿਕ ਅੰਸ ਨੂੰ ਭ੍ਰਿਸ਼ਟ ਕਰਨ ਦੀ ਕੋਸ਼ਿਸ਼ ਸਫ਼ਾ 10
VII. ਲੋਕਾਂ ਦੇ ਦੋ ਸਮੂਹਾਂ ਵਿਚਕਾਰ ਜੰਗ ਅੱਜ ਵੀ ਜਾਰੀ ਹੈ ਸਫ਼ਾ 13
VIII. ਇਸੇ ਗੱਲ ਨੂੰ ਹੋਰ ਸਪੱਸ਼ਟ ਕਰਨ ਵਾਲੀਆਂ ਆਇਤਾਂ ਸਫ਼ਾ 13
IX. ਸਾਡੇ ਪ੍ਰਭੂ ਯਿਸੂ ਮਸੀਹ ਦੀ ਮਹਾਨ ਜਿੱਤ ਸਫ਼ਾ 16
X. ਅੰਤ ਸਮੇਂ ਵਿੱਚ ਜੀਉਣਾ ਸਫ਼ਾ 16
XI. ਵਿਸ਼ਵਾਸੀਆਂ ਦਾ ਵੱਡਾ ਕੂਚ ਸਫ਼ਾ 18
XII. ਬਿਪਤਾ ਸਫ਼ਾ 21
XIII. ਧਰਤੀ ਉੱਤੇ ਬਿਪਤਾ ਅਤੇ ਸਵਰਗ ਵਿੱਚ ਜਸ਼ਨ ਸਫ਼ਾ 22
    1. ਮਸੀਹ ਦਾ ਨਿਆਂ ਦਾ ਸਿੰਘਾਸਣ
    2. ਲੇਲੇ ਦੇ ਵਿਆਹ ਦਾ ਭੋਜ
XIV. ਯਿਸੂ ਮਸੀਹ ਦੀ ਦੂਸਰੀ ਆਮਦ ਸਫ਼ਾ 23
    1. ਸਭ ਵਿਸ਼ਵਾਸੀ, ਉਸ ਦੀ ਕਲੀਸਿਯਾ, ਉਸ ਦੀ ਲਾੜੀ - ਇਹ ਸਭ ਉਸ ਦੇ ਨਾਲ ਵਾਪਸ ਆਉਣਗੇ
    2. ਦਰਿੰਦੇ ਦਾ ਨਾਸ ਅਤੇ ਝੂਠੇ ਨਬੀ
    3. ਸ਼ਤਾਨ ਹਜ਼ਾਰ ਸਾਲਾਂ ਲਈ ਬੰਨ੍ਹਿਆ ਗਿਆ
    4. ਸਭ ਵਿਸ਼ਵਾਸੀ ਉਸ ਦੇ ਨਾਲ ਰਾਜ ਕਰਨਗੇ
    5. ਕੇਵਲ ਹਜ਼ਾਰ ਸਾਲ ਲਈ ਨਹੀਂ, ਬਲਕਿ ਸਦਾ ਲਈ
    6. ਹਜ਼ਾਰ ਸਾਲ ਦਾ ਰਾਜ ਪ੍ਰਭੂ ਦੇ ਦਿਨ ਦੇ ਰੂਪ ਵਿੱਚ ਪ੍ਰਸਿੱਧ ਹੈ
XV. ਆਖਰੀ ਨਿਆਂ - ਪਰਮੇਸ਼ੁਰ ਦੇ ਮਹਾਨ ਚਿੱਟੇ ਸਿੰਘਾਸਣ ਦੇ ਸਾਹਮਣੇ ਸਫ਼ਾ 25
XVI. ਨਵਾਂ ਅਕਾਸ਼ ਅਤੇ ਧਰਤੀ ਸਫ਼ਾ 27

## I. ਪਹਿਲਾ ਵਿਦ੍ਰੋਹ: ਸਵਰਗਦੂਤਾਂ ਵੱਲੋਂ

ਯਸਾਯਾਹ 14:12-15 ਤੂੰ ਅਕਾਸ਼ ਤੋਂ ਕਿਵੇਂ ਡਿੱਗ ਪਿਆ, ਹੇ **ਦਿਨ ਦੇ ਤਾਰੇ** ("ਚਮਕਦਾ ਹੋਇਆ" ਜੋ ਉਸ ਦੇ ਨਾਮ ਲੂਸੀਫ਼ਰ ਦਾ ਮੂਲ ਅਰਥ ਹੈ), **ਫਜਰ ਦੇ ਪੁੱਤਰ!** ਤੂੰ ਕਿਵੇਂ ਧਰਤੀ ਤੀਕ ਵੱਢਿਆ ਗਿਆ, ਹੇ ਕੌਮਾਂ ਦੇ ਢਾਉਣ ਵਾਲੇ! 13 ਤੈਂ ਆਪਣੇ ਦਿਲ ਵਿੱਚ ਆਖਿਆ ਭਈ **ਮੈਂ** ਅਕਾਸ਼ ਉੱਤੇ ਚੜ੍ਹ **ਜਾਵਾਂਗਾ**, **ਪਰਮੇਸ਼ੁਰ ਦੇ ਤਾਰਿਆਂ ਤੋਂ ਉਤਾਹਾਂ**, ਮੈਂ ਆਪਣਾ ਸਿੰਘਾਸਣ ਉੱਚਾ ਧਰਾਂਗਾ, ਅਤੇ ਮੈਂ ਮੰਡਲੀ ਦੇ ਪਰਬਤ ਉੱਤੇ, ਉੱਤਰ ਦੀਆਂ ਹੱਦਾਂ ਵਿੱਚ ਬੈਠਾਂਗਾ। 14 **ਮੈਂ** ਬੱਦਲਾਂ ਦੀਆਂ ਉੱਚਿਆਈਆਂ ਤੇ ਚੜ੍ਹ **ਜਾਵਾਂਗਾ**, **ਮੈਂ** ਆਪ ਨੂੰ **ਅੱਤ ਮਹਾਨ ਜਿਹਾ ਬਣਾਵਾਂਗਾ!** 15 ਪਰ ਤੂੰ ਪਤਾਲ ਤੀਕ, ਸਗੋਂ ਟੋਏ ਦੀ ਡੂੰਘਿਆਈ ਤੀਕ ਹੇਠਾਂ ਲਾਹਿਆ ਜਾਵੇਂਗਾ।

- ਅੱਯੂਬ 38 ਘੋਸ਼ਣਾ ਕਰਦਾ ਹੈ ਕਿ **ਸਵੇਰ ਦਾ ਤਾਰਾ** ਅਤੇ **ਪਰਮੇਸ਼ੁਰ ਦੇ ਪੁੱਤਰ** - ਸਵਰਗਦੂਤਾਂ ਦੇ ਦੋ ਵੱਖ-ਵੱਖ ਕ੍ਰਮ - ਉਦੋਂ ਯਹੋਵਾਹ ਦੇ ਨਾਲ ਸਨ ਜਦੋਂ ਉਸ ਨੇ ਧਰਤੀ ਨੂੰ ਬਣਾਇਆ।

  ਅੱਯੂਬ 38:4-7 ਤੂੰ ਕਿੱਥੇ ਸੈਂ ਜਦ ਮੈਂ **ਧਰਤੀ ਦੀ** ਨੀਉਂ ਰੱਖੀ? . . . ਜਦ **ਸਵੇਰ ਦੇ ਤਾਰੇ** ਮਿਲ ਕੇ ਜੈਕਾਰੇ ਗਜਾਉਂਦੇ ਸਨ, ਅਤੇ **ਪਰਮੇਸ਼ੁਰ ਦੇ** ਸਾਰੇ **ਪੁੱਤਰ** ਨਾਰੇ ਮਾਰਦੇ ਸਨ? ਇਹ ਦੱਸਦਾ ਹੈ ਕਿ ਸਵਰਗਦੂਤ ਧਰਤੀ ਨੂੰ ਬਣਾਏ ਜਾਣ ਤੋਂ ਪਹਿਲਾਂ ਬਣਾਏ ਗਏ ਸਨ।

  ਫਿਰ ਬਾਅਦ ਵਿੱਚ, ਧਰਤੀ ਨੂੰ ਬਣਾਉਣ ਤੋਂ ਬਾਅਦ, ਇਹ ਸਵੇਰ ਦੇ ਤਾਰੇ ਜਾਂ ਲੂਸੀਫ਼ਰ ਨੇ ਵਿਦ੍ਰੋਹ ਕੀਤਾ ਅਤੇ ਧਰਤੀ ਤੀਕ ਵੱਢਿਆ ਗਿਆ, ਜੋ ਉਸ ਕੋਲ ਸਵਰਗ ਵਿੱਚ ਸਹੂਲਤਾਂ ਸਨ ਉਨ੍ਹਾਂ ਸਾਰੀਆਂ ਨੂੰ ਗੁਆ ਦਿੱਤਾ: ਏਸ ਲਈ ਮੈਂ ਤੈਨੂੰ **ਪਰਮੇਸ਼ੁਰ ਦੇ ਪਰਬਤ** ਉੱਤੋਂ ਨਾਪਾਕੀ ਵਾਂਗਰ ਸੁੱਟ ਦਿੱਤਾ।
  
  ਇਹ "ਪਰਮੇਸ਼ੁਰ ਦੇ ਪੁੱਤਰ" ਫਿਰ ਉਤਪਤ ਛੇ ਵਿੱਚ ਪਰਗਟ ਹੋਣਗੇ।

ਹਿਜ਼ਕੀਏਲ 28:11-20 ਵੀ ਲੂਸੀਫ਼ਰ ਦੇ ਵਿਦ੍ਰੋਹ ਬਾਰੇ ਦੱਸਦਾ ਹੈ, ਇਹ ਘੋਸ਼ਣਾ ਕਰਦਾ ਹੈ ਕਿ ਉਸ ਦੇ ਪਤਨ ਤੋਂ ਪਹਿਲਾਂ ਉਹ **ਅਦਨ ਵਿੱਚ**, ਪਰਮੇਸ਼ੁਰ ਦੇ ਬਾਗ ਵਿੱਚ ਸੀ ਅਤੇ ਉੱਤੇ ਜਾਜਕ ਦੇ ਰੂਪ ਵਿੱਚ ਕੰਮ ਕਰਦਾ ਸੀ ਕਿਉਂਕਿ ਉਹ ਸਾਰੇ ਵੱਡਮੁਲੇ ਪੱਥਰਾਂ ਨੂੰ ਪਹਿਨਦਾ ਸੀ ਜੋ ਕਿ ਬਾਅਦ ਵਿੱਚ ਹਾਰੂਨ ਮਹਾਂ ਜਾਜਕ ਆਪਣੀ ਛਾਤੀ ਉੱਤੇ ਪਹਿਨਦਾ ਸੀ। ਜੇਕਰ "ਬਾਗ" ਧਰਤੀ ਉੱਤੇ ਜਾਂ ਕਿਤੇ ਹੋਰ ਸੀ, ਜਾਂ ਯਹੋਵਾਹ ਦੇ ਬਹੁਤ ਸਾਰੇ ਬਾਗ ਹਨ ਜਿਨ੍ਹਾਂ ਨੂੰ ਅਦਨ ਕਿਹਾ ਜਾਂਦਾ ਹੈ, ਇਹ ਸਪੱਸ਼ਟ ਨਹੀਂ ਹੈ।

ਪ੍ਰਭੂ ਯਹੋਵਾਹ ਐਉਂ ਫ਼ਰਮਾਉਂਦਾ ਹੈ, ਤੂੰ ਉੱਤਮਤਾਈ ਦਾ ਮੋਹਰ ਹੈਂ, ਬੁੱਧੀ ਨਾਲ ਭਰਪੂਰ ਤੇ ਸੁੰਦਰਤਾ ਵਿੱਚ ਸੰਪੂਰਨ ਹੈਂ। 13
**ਤੂੰ ਅਦਨ ਵਿੱਚ ਪਰਮੇਸ਼ੁਰ ਦੇ ਬਾਗ਼ ਵਿੱਚ ਸੈਂ,** ਹਰੇਕ ਵੱਡਮੁੱਲਾ ਪੱਥਰ ਤੇਰੇ ਢੱਕਣ ਲਈ ਸੀ, ਜਿਵੇਂ ਲਾਲ ਅਕੀਕ, ਸੁਨਹਿਲਾ
ਅਤੇ ਦੂਧਿਯਾ ਬਿਲੌਰ, ਬੈਰੂਜ, ਸੁਲੇਮਾਨੀ ਅਤੇ ਯਸ਼ਬ, ਨੀਲਮ, ਪੰਨਾ ਅਤੇ ਜ਼ਬਰਜਦ, ਅਤੇ ਸੋਨਾ। ਤੇਰੇ ਤਮੂਰੇ ਅਤੇ
ਤੇਰੀਆਂ ਬੰਸਰੀਆਂ ਦੀ ਕਾਰੀਗਰੀ ਤੇਰੇ ਵਿੱਚ ਸੀ, **ਤੇਰੇ ਉੱਤਪਤ** ਦੇ ਦਿਹਾੜੇ ਤੋਂ ਓਹ ਤਿਆਰ ਕੀਤੀਆਂ ਗਈਆਂ। 14 ਤੂੰ
ਮਸਹ ਕੀਤੀ ਹੋਇਆ ਕਰੂਬੀ ਸੈਂ, ਜਿਹੜਾ ਢੱਕਦਾ ਸੀ, ਅਤੇ ਮੈਂ ਤੈਨੂੰ **ਪਰਮੇਸ਼ੁਰ ਦੇ ਪਵਿੱਤਰ ਪਰਬਤ ਉੱਤੇ** ਰੱਖਿਆ, ਤੂੰ
ਉੱਥੇ ਅੱਗ ਵਾਲੇ ਪੱਥਰਾਂ ਦੇ ਵਿੱਚ ਤੁਰਦਾ ਫਿਰਦਾ ਸੈਂ। 15 ਤੂੰ ਆਪਣੇ **ਜੰਮਣ** ਦੇ ਦਿਹਾੜੇ ਤੋਂ ਆਪਣੇ ਮਾਰਗਾਂ ਵਿੱਚ **ਪੂਰਾ ਸੈਂ**,
ਇੱਥੋਂ ਤੀਕਰ ਕਿ **ਤੇਰੇ ਵਿੱਚ ਬੇਇਨਸਾਫੀ ਪਾਈ ਗਈ।** 16 ਤੇਰੇ ਵਪਾਰ ਦੇ ਵਾਧੇ ਦੇ ਕਾਰਨ ਉਨ੍ਹਾਂ ਤੇਰੇ ਵਿੱਚ ਜ਼ੁਲਮ ਭਰ
ਦਿੱਤਾ, ਅਤੇ **ਤੈਂ ਪਾਪ ਕੀਤਾ**। ਏਸ ਲਈ ਮੈਂ ਤੈਨੂੰ **ਪਰਮੇਸ਼ੁਰ ਦੇ ਪਰਬਤ ਉੱਤੋਂ** ਨਾਪਾਕੀ ਵਾਂਗਰ ਸੁੱਟ ਦਿੱਤਾ, ਅਤੇ ਤੈਨੂੰ
ਢੱਕਣ ਵਾਲੇ ਕਰੂਬੀ ਨੂੰ ਅੱਗ ਵਾਲੇ ਪੱਥਰਾਂ ਦੇ ਵਿਚਕਾਰ ਨਾਸ ਕਰ ਦਿੱਤਾ। 17 ਤੇਰਾ **ਦਿਲ** ਤੇਰੀ ਸਹੁੱਪਣ ਵਿੱਚ **ਮਗਰੂਰ ਸੀ,**
**ਤੂੰ** ਆਪਣੀ ਸ਼ਾਨ ਦੇ ਕਾਰਨ **ਆਪਣੀ ਬੁੱਧੀ ਨਾਸ ਕਰ ਲਈ, ਮੈਂ ਤੈਨੂੰ ਧਰਤੀ ਤੇ ਪਟਕ ਦਿੱਤਾ**, ਅਤੇ ਪਾਤਸ਼ਾਹਾਂ ਦੇ ਮੂਹਰੇ
ਧਰ ਦਿੱਤਾ ਹੈ, ਤਾਂ ਜੋ ਓਹ ਤੈਨੂੰ ਤੱਕ ਲੈਣ।18 ਤੂੰ ਆਪਣਿਆਂ ਬਹੁਤਿਆਂ **ਔਗਣਾਂ** ਦੇ ਕਾਰਨ, ਅਤੇ ਵਪਾਰ ਵਿੱਚ
**ਬੇਇਨਸਾਫੀ** ਕਰਕੇ, ਆਪਣੇ **ਪਵਿੱਤਰ ਅਸਥਾਨਾਂ** ਨੂੰ **ਅਪਵਿੱਤਰ** ਕੀਤਾ ਹੈ। ਏਸ ਲਈ ਮੈਂ ਤੇਰੇ ਅੰਦਰੋਂ ਅੱਗ ਕੱਢੀ, ਜਿਹ ਨੇ
ਤੈਨੂੰ ਖਾ ਲਿਆ, ਅਤੇ ਮੈਂ ਤੇਰੇ ਸਾਰੇ ਵੇਖਣ ਵਾਲਿਆਂ ਦੀਆਂ ਅੱਖਾਂ ਦੇ ਸਾਹਮਣੇ, ਤੈਨੂੰ ਧਰਤੀ ਉੱਤੇ ਸੁਆਹ ਬਣਾ ਦਿੱਤਾ।
19 ਉੱਮਤਾਂ ਦੇ ਵਿੱਚੋਂ ਓਹ ਸਾਰੇ ਜੋ ਤੈਨੂੰ ਜਾਣਦੇ ਹਨ, ਤੈਨੂੰ ਵੇਖ ਕੇ ਅਚਰਜ ਹੋਣਗੇ, ਤੂੰ ਅਚਰਜਤਾ ਦਾ ਕਾਰਨ ਹੋਇਆ,
ਅਤੇ ਤੂੰ ਸਦਾ ਲਈ ਨੇਸਤ ਹੋਵੇਂਗਾ।

- ਇਸ ਨੂੰ ਪੜ੍ਹ ਕੇ ਇਸ ਤਰ੍ਹਾਂ ਜਾਪਦਾ ਹੈ ਕਿ **ਅਦਨ**, ਪਰਮੇਸ਼ੁਰ ਦਾ ਬਾਗ, ਉਨ੍ਹਾਂ ਦੇ ਵਿਦ੍ਰੋਹ ਸਮੇਂ ਧਰਤੀ ਉੱਤੇ ਨਹੀਂ ਸੀ ਸਗੋਂ ਕਿਤੇ ਹੋਰ ਸੀ ਅਤੇ ਬਾਅਦ ਵਿੱਚ ਇਹ ਆਦਮ ਅਤੇ ਹੱਵਾਹ ਲਈ ਅਤੇ ਉਨ੍ਹਾਂ ਦੇ ਇਸ ਉੱਤੇ ਰਾਜ ਕਰਨ ਲਈ ਇਸ ਨੂੰ ਉੱਥੇ ਲਿਆਂਦਾ ਗਿਆ ਜਾਂ ਇਸ ਨੂੰ ਉੱਥੇ ਬਣਾਇਆ ਗਿਆ। ਉਤਪਤ 2:8 ਤਾਂ ਯਹੋਵਾਹ ਪਰਮੇਸ਼ੁਰ ਨੇ ਇੱਕ ਬਾਗ ਅਦਨ ਵਿੱਚ ਪੂਰਬ ਵੱਲ ਲਾਇਆ ਅਤੇ ਉੱਥੇ ਉਸ ਨੇ ਉਸ ਆਦਮੀ ਨੂੰ ਜਿਹ ਨੂੰ ਉਸ ਨੇ ਰਚਿਆ ਸੀ ਰੱਖਿਆ। ਅਤੇ ਅੱਜ ਇਹ ਧਰਤੀ ਉੱਤੇ ਨਹੀਂ ਹੈ। ਉਤਪਤ 3:24

- **ਮੈਂ ਤੈਨੂੰ ਧਰਤੀ ਤੇ ਪਟਕ ਦਿੱਤਾ** ਅਤੇ ਸ਼ਤਾਨ ਨੇ ਸੋਚਿਆ ਕਿ ਉਹ ਧਰਤੀ ਦਾ ਸ਼ਾਸਕ ਸੀ। ਪਰ ਫਿਰ ਮਨੁੱਖ ਸਾਹਮਣੇ ਆਉਂਦਾ ਹੈ ਅਤੇ ਉਸ ਨੂੰ ਸ਼ਾਸਨ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ ਅਤੇ ਇਸ ਤਰ੍ਹਾਂ ਸ਼ਤਾਨ ਦਾ ਇੱਕ ਨਵਾਂ ਦੁਸ਼ਮਣ ਬਣ ਜਾਂਦਾ ਹੈ।

## II. ਮਨੁੱਖ ਸਾਹਮਣੇ ਆਉਂਦਾ ਹੈ

ਉਤਪਤ 1:26-28 ਤਾਂ ਪਰਮੇਸ਼ੁਰ ਨੇ ਆਖਿਆ ਕਿ ਅਸੀਂ ਆਦਮੀ ਨੂੰ **ਆਪਣੇ ਸਰੂਪ ਉੱਤੇ** ਅਰ **ਆਪਣੇ ਵਰਗਾ** ਬਣਾਈਏ ਅਤੇ ਓਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ ਡੰਗਰਾਂ ਉੱਤੇ ਸਗੋਂ ਸਾਰੀ ਧਰਤੀ ਉੱਤੇ ਅਤੇ ਧਰਤੀ ਪੁਰ ਸਾਰੇ ਘਿਸਰਨ ਵਾਲਿਆਂ **ਉੱਤੇ ਰਾਜ ਕਰਨ**। 27 ਸੋ **ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ। ਪਰਮੇਸ਼ੁਰ ਦੇ ਸਰੂਪ** ਉੱਤੇ ਉਹ ਨੂੰ ਉਤਪਤ ਕੀਤਾ। **ਨਰ ਨਾਰੀ** ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ। 28 ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਰਮੇਸ਼ੁਰ ਨੇ ਉਨਾਂ ਨੂੰ ਆਖਿਆ ਕਿ **ਫਲੋ ਅਰ ਵਧੋ** ਅਰ ਧਰਤੀ ਨੂੰ ਭਰ ਦਿਓ ਅਤੇ **ਉਹ ਨੂੰ** ਆਪਣੇ **ਵੱਸ ਵਿੱਚ ਕਰੋ** ਅਤੇ ਸਮੁੰਦਰ ਦੀਆਂ ਮੱਛੀਆਂ ਉੱਤੇ ਅਰ ਅਕਾਸ਼ ਦਿਆਂ ਪੰਛੀਆਂ ਉੱਤੇ ਅਰ ਸਾਰੇ ਧਰਤੀ ਪੁਰ ਘਿਸਰਨ ਵਾਲਿਆਂ ਜੀਆਂ **ਉੱਤੇ ਰਾਜ ਕਰੋ**।

- ਕੁਝ ਪੂਰੀ ਤਰ੍ਹਾਂ ਨਵਾਂ ਜੋ ਪਹਿਲਾਂ ਨਹੀਂ ਵੇਖਿਆ ਗਿਆ ਸੀ **ਨਰ ਨਾਰੀ** ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ, ਅਤੇ ਪਰਮੇਸ਼ੁਰ ਨੇ ਉਨਾਂ ਨੂੰ ਆਖਿਆ ਕਿ **ਫਲੋ ਅਰ ਵਧੋ।**

- ਅਫ਼ਸੀਆਂ 3:11 ਉਸ **ਸਦੀਪਕ ਮਨਸ਼ਾ** ਦੇ ਅਨੁਸਾਰ ਜਿਹੜੀ ਉਹ ਨੇ ਮਸੀਹ ਯਿਸੂ ਸਾਡੇ ਪ੍ਰਭੂ ਵਿੱਚ ਧਾਰੀ।

- ਇਹ ਮਨੁੱਖ ਜਾਤੀ ਲਈ ਪਰਮੇਸ਼ੁਰ ਦੀ ਯੋਜਨਾ ਹੈ - **ਇੱਕ ਨਰ ਅਤੇ ਇੱਕ ਨਾਰੀ** - ਦੋਵਾਂ ਦਾ ਇੱਕ ਹੋਣਾ - **ਬੱਚੇ ਪੈਦਾ ਕਰਨਾ ਅਤੇ ਧਾਰਮਿਕਤਾ ਨਾਲ** ਧਰਤੀ ਉੱਤੇ **ਰਾਜ ਕਰਨਾ।**

- ਅਤੇ ਹੁਣ ਸ਼ਤਾਨ ਨੇ ਸਾਰੀ ਮਨੁੱਖ ਜਾਤੀ ਨੂੰ ਯੁੱਧ ਵਿੱਚ ਸ਼ਾਮਲ ਕਰਨ ਲਈ ਪਰਮੇਸ਼ੁਰ ਨਾਲ ਆਪਣੇ ਯੁੱਧ ਨੂੰ ਵਧਾਇਆ। ਉਹ ਉਸ ਹਰੇਕ ਕੰਮ ਨੂੰ ਕਰਦਾ ਹੈ ਜੋ ਉਹ ਨਰ ਅਤੇ ਨਾਰੀ ਨੂੰ ਬੱਚੇ ਪੈਦਾ ਕਰਨ, ਧਰਤੀ ਨੂੰ ਭਰਨ ਅਤੇ ਇਸ ਉੱਤੇ ਰਾਜ ਕਰਨ ਤੋਂ ਰੋਕਣ ਲਈ ਕਰ ਸਕਦਾ ਹੈ। ਅਸੀਂ ਇਸ ਦੇ ਨਤੀਜੇ ਨੂੰ ਅੱਜ ਸਪੱਸ਼ਟ ਰੂਪ ਵਿੱਚ ਸਮਲਿੰਗੀ ਵਿਆਹ ਵਿੱਚ ਵੇਖ ਸਕਦੇ ਹਾਂ ਜਿਸ ਵਿੱਚ ਆਦਮੀ, ਆਦਮੀ ਨਾਲ ਵਿਆਹ ਕਰਦਾ ਹੈ ਅਤੇ ਔਰਤ, ਔਰਤ ਨਾਲ ਵਿਆਹ ਕਰਦੀ ਹੈ . . . ਕੋਈ ਬੱਚਾ ਨਹੀਂ ਹੋ ਸਕਦਾ!

## III. ਦੂਜਾ ਵਿਦ੍ਰੋਹ: ਮਨੁੱਖਜਾਤੀ ਵੱਲੋਂ

ਉਤਪਤ 3:1-7 ਸੱਪ . . . ਨੇ ਉਸ ਇਸਤਰੀ ਨੂੰ ਆਖਿਆ, ਭਲਾ, ਪਰਮੇਸ਼ੁਰ ਨੇ ਸੱਚ ਮੁੱਚ ਆਖਿਆ . . . ਤੁਸੀਂ ਕਦੀ ਨਾ ਮਰੋਗੇ। . . . **ਤੇ ਆਪ ਖਾਧਾ** . . . **ਉਸ ਨੇ ਖਾਧਾ।** 14 ਫੇਰ ਯਹੋਵਾਹ ਪਰਮੇਸ਼ੁਰ ਨੇ ਸੱਪ ਨੂੰ ਆਖਿਆ . . . 15 ਅਤੇ ਤੇਰੇ ਤੇ ਇਸਤਰੀ ਅਤੇ **ਤੇਰੀ ਸੰਤਾਨ** (ਬੱਚਿਆਂ) ਤੇ **ਇਸਤਰੀ ਦੀ ਸੰਤਾਨ** (ਬੱਚਿਆਂ) ਵਿੱਚ ਮੈਂ **ਵੈਰ** (ਨਫ਼ਰਤ) ਪਾਵਾਂਗਾ। ਉਹ ਤੇਰੇ ਸਿਰ ਨੂੰ ਫੇਵੇਗਾ ਅਤੇ ਤੂੰ ਉਹ ਦੀ ਅੱਡੀ ਨੂੰ ਡੰਗ ਮਾਰੇਂਗਾ।

- ਇਹ ਭਵਿੱਖਬਾਣੀ, ਵਰਤਮਾਨ ਅਤੇ ਭਵਿੱਖ ਵਿੱਚ ਪੂਰੀ ਹੁੰਦੀ ਹੈ, ਜਿਵੇਂ ਬਾਈਬਲ ਵਿੱਚ ਵਿੱਚ ਬਹੁਤ ਸਾਰੀਆਂ ਹਨ। ਵਰਤਮਾਨ: ਸ਼ਤਾਨ ਦੀ ਸੰਤਾਨ ਅਤੇ ਉਸ ਦੀ ਸੰਤਾਨ ਵਿੱਚ ਵੈਰ। ਭਵਿੱਖ: ਪ੍ਰਭੂ ਯਿਸੂ ਮਸੀਹ ਅਤੇ ਮਸੀਹ ਵਿਰੋਧੀ।

- ਤੇਰੇ ਸਿਰ ਨੂੰ ਫੇਵੇਗਾ: ਤੋੜਨ ਲਈ, ਕੁਚਲਣ ਲਈ, ਜਾਂ ਚਿੰਨ੍ਹਕ ਰੂਪ ਵਿੱਚ ਜਿੱਤ ਪਾਉਣ ਲਈ।
  ਅੱਡੀ ਨੂੰ ਡੰਗ ਮਾਰੇਂਗਾ: ਇੱਕ ਛੋਟਾ ਜਿਹਾ ਜਖ਼ਮ ਜੋ ਹੌਲੀ-ਹੌਲੀ ਕਿਸੇ ਨੂੰ ਮਾਰ ਦੇਵੇਗਾ।

- "ਸੰਤਾਨ" ਦਾ ਅਰਥ ਵੰਸ਼ਜ ਜਾਂ ਬੱਚੇ ਹੈ। ਉਤਪਤ 22:17, ਬਿਵਸਥਾਸਾਰ 10:15, ਯਸਾਯਾਹ 53:10, ਰੋਮੀਆਂ 4:13 ਅਤੇ 16, ਗਲਾਤੀਆਂ 3:29। ਅਤੇ ਵੈਰ ਲਈ ਪਰਕਾਸ਼ ਦੀ ਪੋਥੀ 12:17 ਨੂੰ ਵੇਖੋ

- ਆਦਮ ਨੇ ਪਰਮੇਸ਼ੁਰ ਉੱਤੇ ਅਤੇ ਇਸ ਭਵਿੱਖਬਾਣੀ ਉੱਤੇ ਵਿਸ਼ਵਾਸ ਕੀਤਾ ਕਿ ਉਸ ਦੀ ਪਤਨੀ ਬੱਚਿਆਂ ਨੂੰ ਜਨਮ ਦੇਵੇਗੀ ਅਤੇ ਉਸ ਨੇ ਆਪਣੀ ਪਤਨੀ ਦਾ ਨਾਮ **ਹੱਵਾਹ** ਰੱਖਿਆ ਜਿਸ ਦਾ ਅਰਥ ਹੈ "**ਸਾਰੇ ਜੀਉਂਦਿਆਂ ਦੀ ਮਾਤਾ**"। ਅਤੇ ਇਹ ਵੀ ਵਿਸ਼ਵਾਸ ਕੀਤਾ ਕਿ ਉਸ ਦੀ ਸੰਤਾਨ ਵਿੱਚ ਇੱਕ ਸੱਪ ਨੂੰ ਹਰਾਵੇਗੀ।

- **ਹੱਵਾਹ**, **ਸਾਰੇ ਜੀਉਂਦਿਆਂ ਦੀ ਮਾਤਾ** ਹੈ, **ਇਸ ਲਈ "ਸ਼ਤਾਨ ਦੀ ਸੰਤਾਨ" ਹੱਵਾਹ ਦੁਆਰਾ ਜਾਂ ਉਸ ਦੀਆਂ ਧੀਆਂ ਵਿੱਚ ਇੱਕ ਦੁਆਰਾ ਹੀ ਪੈਦਾ ਹੋ ਸਕਦੀ ਹੈ।**

- **ਯੁੱਧ ਤੇਜ਼ ਹੁੰਦਾ ਹੈ:** ਸ਼ਤਾਨ, ਹੁਣ ਜਾਣਦਾ ਹੈ ਕਿ "ਉਸ ਦੀ" ਸੰਤਾਨ ਵਿੱਚੋਂ ਇੱਕ ਪੁੱਤਰ ਉਸ ਨੂੰ ਹਰਾਵੇਗਾ। ਇਸ ਲਈ, ਉਸ ਦਾ ਮੁੱਖ ਉਦੇਸ਼ **ਉਸ ਬੱਚੇ ਨੂੰ ਨਾਸ ਕਰਨਾ** ਜਾਂ **ਆਪਣੀ ਸੰਤਾਨ**, ਆਪਣੇ ਬੱਚੇ ਨੂੰ ਖੜ੍ਹਾ ਕਰਨ ਦੁਆਰਾ ਉਸ ਦੇ ਜਨਮ ਨੂੰ ਰੋਕਣਾ ਹੈ, ਜੋ ਉਹ ਪਰਮੇਸ਼ੁਰ ਦੇ ਲੋਕਾਂ ਨੂੰ ਨਾਸ ਅਤੇ ਭ੍ਰਿਸ਼ਟ ਕਰੇ ਅਤੇ ਸ਼ਾਇਦ **ਉਸ ਦੀ ਸੰਤਾਨ** ਨੂੰ ਵੀ ਨਾਸ ਕਰੇ ਜੋ "**ਉਸ ਦੇ ਸਿਰ ਨੂੰ ਫੇਵੇਗਾ**"।

- ਇੱਕ ਸਪੱਸ਼ਟ ਸਮਝ ਲਈ ਇਸ ਸੱਚਾਈ ਨੂੰ ਸਮਝਣਾ ਬਹੁਤ ਮਹੱਤਵਪੂਰਣ ਹੈ ਜੋ ਪੁਰਾਣੇ ਅਤੇ ਨਵੇਂ ਨੇਮ ਵਿਚਲੇ ਬਹੁਤ ਸਾਰੇ ਪ੍ਰਸ਼ਨਾਂ ਦਾ ਉੱਤਰ ਦਿੰਦੀ ਹੈ, ਜਿਵੇਂ ਅਸੀਂ ਇਸ ਅਧਿਐਨ ਵਿੱਚ ਅੱਗੇ ਵੇਖਾਂਗੇ।

- **ਸ਼ਤਾਨ ਦੇ ਬੱਚੇ ਜਾਂ ਸੰਤਾਨ** ਹੈ ਜਿਸ ਦੀ ਪੁਸ਼ਟੀ ਜੰਗਲੀ ਬੂਟੀ ਦੇ ਦ੍ਰਿਸ਼ਟਾਂਤ ਵਿੱਚ ਅਤੇ ਹੋਰ ਸਥਾਨਾਂ ਉੱਤੇ ਵੀ ਪ੍ਰਭੂ ਦੇ ਕਥਨ ਨਾਲ ਕੀਤੀ ਗਈ ਹੈ।

ਮੱਤੀ 13:37-43 ਤਾਂ ਉਸ ਨੇ ਉੱਤਰ ਦਿੱਤਾ ਜਿਹੜਾ **ਚੰਗਾ ਬੀ** ਬੀਜਦਾ ਹੈ ਉਹ ਮਨੁੱਖ ਦਾ ਪੁੱਤਰ ਹੈ . . . **ਰਾਜ ਦੇ ਪੁੱਤਰ** ਅਤੇ ਜੰਗਲੀ ਬੂਟੀ **ਦੁਸ਼ਟ ਦੇ ਪੁੱਤਰ** ਹਨ। ਅਤੇ ਜਿਸ ਵੈਰੀ ਨੇ ਉਹ ਨੂੰ ਬੀਜਿਆ ਉਹ **ਸ਼ਤਾਨ** ਹੈ। ਵਾਢੀ ਦਾ ਵੇਲਾ ਜੁਗ ਦਾ ਅੰਤ ਹੈ ਅਰ ਵੱਢਣ ਵਾਲੇ ਦੂਤ ਹਨ। 40 ਸੋ ਜਿਸ ਪਰਕਾਰ ਜੰਗਲੀ ਬੂਟੀ ਇਕੱਠੀ ਕੀਤੀ ਅਤੇ ਅੱਗ ਵਿੱਚ **ਫੂਕੀ ਜਾਂਦੀ** ਹੈ **ਉਸੇ ਪਰਕਾਰ** ਇਸ ਜੁਗ ਦੇ ਅੰਤ ਦੇ ਸਮੇ **ਹੋਵੇਗਾ**। 41 ਮਨੁੱਖ ਦਾ ਪੁੱਤਰ ਆਪਣਿਆਂ ਦੂਤਾਂ ਨੂੰ ਘੱਲੇਗਾ ਅਤੇ ਓਹ ਉਸ ਦੇ ਰਾਜ ਵਿੱਚੋਂ ਸਾਰੀਆਂ ਠੋਕਰ ਖੁਆਉਣ ਵਾਲੀਆਂ ਚੀਜ਼ਾਂ ਨੂੰ ਅਤੇ ਕੁਕਰਮੀਆਂ ਨੂੰ ਇਕੱਠਿਆਂ ਕਰਨਗੇ। 42 ਅਤੇ ਉਨ੍ਹਾਂ ਨੂੰ **ਭਖਦੇ ਭੱਠੇ** ਵਿੱਚ ਸੁੱਟ ਦੇਣਗੇ। ਉੱਥੇ ਰੋਣਾ ਅਰ ਕਚੀਚੀਆਂ ਵੱਟਣਾ ਹੋਵੇਗਾ। 43 ਤਦ ਧਰਮੀ ਲੋਕ ਆਪਣੇ ਪਿਤਾ ਦੇ ਰਾਜ ਵਿੱਚ ਸੂਰਜ ਵਾਂਙੁ ਚਮਕਣਗੇ। ਜਿਹ ਦੇ ਕੰਨ ਹੋਣ ਸੋ ਸੁਣੇ।

- **ਯੂਹੰਨਾ** 8:44 ਤੁਸੀਂ **ਆਪਣੇ ਪਿਉ ਸ਼ਤਾਨ ਤੋਂ** ਹੋ ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। **ਤੋਂ** -> ਯੂਨਾਨੀ "εκ" ਤੋਂ ਨਿੱਕਲੇ, ਤੋਂ ਜਨਮੇ

- **ਰਸੂਲਾਂ ਦੇ ਕਰਤੱਬ** 13:7-10 ਵਿੱਚ ਪੌਲੁਸ ਇਨ੍ਹਾਂ "ਸ਼ਤਾਨ ਦੇ ਪੁੱਤਰਾਂ" ਵਿੱਚੋਂ ਇੱਕ ਦਾ ਹਵਾਲਾ ਦਿੰਦਾ ਹੈ
  ਅਤੇ ਆਖਿਆ ਕਿ ਓਏ ਤੂੰ ਜੋ ਸਭ ਤਰਾਂ ਦੇ ਛਲ ਅਤੇ ਬੁਰਿਆਈ ਨਾਲ ਭਰਿਆ ਹੋਇਆ ਹੈਂ **ਸ਼ਤਾਨ ਦੇ ਬੱਚੇ** ਅਤੇ ਸਾਰੇ ਧਰਮ ਦੇ ਵੈਰੀ!
- ਹੋਰ ਵੀ ਬਹੁਤ ਸਾਰੀ ਆਇਤਾਂ ਹਨ ਜੋ ਇਸ ਸਚਾਈ ਦੀ ਘੋਸ਼ਣਾ ਕਰਦੀਆਂ ਹਨ।

## IV. ਔਰਤ ਦਾ ਪਹਿਲਾ ਬੀਜ

ਉਤਪਤ 4:1-2 ਤਦ ਆਦਮ ਨੇ ਆਪਣੀ ਪਤਨੀ ਹੱਵਾਹ ਨਾਲ ਸੰਗ ਕੀਤਾ ਅਤੇ ਉਹ ਗਰਭਣੀ ਹੋਈ ਅਤੇ **ਕਇਨ** ਨੂੰ ਜਣੀ ਤਾਂ ਉਹ ਨੇ ਆਖਿਆ ਕਿ ਮੈਂ ਇੱਕ ਮਨੁੱਖ ਯਹੋਵਾਹ ਕੋਲੋਂ ਪ੍ਰਾਪਤ ਕੀਤਾ। 2 ਫੇਰ ਉਹ ਉਸ ਦੇ ਭਰਾ **ਹਾਬਲ** ਨੂੰ ਜਣੀ ਅਰ ਹਾਬਲ ਇੱਜੜਾਂ ਦਾ ਪਾਲੀ ਸੀ ਅਤੇ ਕਇਨ ਜ਼ਮੀਨ ਦਾ ਹਾਲੀ ਸੀ।

- ਕਇਨ ਮਨੁੱਖੀ ਇਤਹਾਸ ਦਾ ਪਹਿਲਾ ਪੁੱਤਰ ਸੀ ਅਤੇ ਉਸ ਤੋਂ ਬਾਅਦ ਉਸ ਦਾ ਭਰਾ ਹਾਬਲ ਜੰਮਿਆ। ਉਹ ਸ਼ਤਾਨ ਵੱਲੋਂ ਮਾਰਨ ਅਤੇ ਭ੍ਰਿਸ਼ਟ ਕਰਨ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਦਾ ਕੇਂਦਰ ਬਣ ਗਏ, ਇਸ ਦਾ ਕਾਰਨ ਉਤਪਤ 3:15 ਵਿਚਲੀ ਭਵਿੱਖਬਾਣੀ ਸੀ।
- ਉਨ੍ਹਾਂ ਦੇ ਪਿਤਾ ਆਦਮ ਵੱਲੋਂ, ਜੋ ਬਾਗ ਵਿੱਚ ਬਹੁਤ ਸਾਲ ਪਰਮੇਸ਼ੁਰ ਨਾਲ ਚੱਲਿਆ ਸੀ, ਜ਼ਰੂਰ ਇਨ੍ਹਾਂ ਲੜਕਿਆਂ ਨੂੰ ਸਹੀ ਅਤੇ ਗਲਤ ਬਾਰੇ ਦੱਸਿਆ ਗਿਆ ਸੀ। ਉਤਪਤ 4:3 ਕਇਨ ਜ਼ਮੀਨ ਦੇ ਫਲ ਤੋਂ ਯਹੋਵਾਹ ਦੀ ਭੇਟ ਲਈ ਕੁਝ ਲੈ ਆਇਆ ਜੋ ਸਰਾਪੀ ਹੋਈ ਸੀ ਅਤੇ ਉਸ ਦੀ ਆਪਣੀ ਮਿਹਨਤ ਦੇ ਕੰਮ ਅਤੇ ਕੋਸ਼ਿਸ਼ਾਂ ਨੂੰ ਦੱਸਦੀ ਸੀ, "ਧਰਮ"। ਪਰਮੇਸ਼ੁਰ ਅਤੇ ਆਪਣੇ ਪਿਤਾ ਦੀ ਸਿੱਖਿਆ ਲਈ ਕੋਈ ਆਦਰ ਨਾ ਵਿਖਾਉਣਾ, ਵਿਦ੍ਰੋਹ ਦੀ ਅਤੇ ਆਪਣੇ ਆਪ ਅਤੇ ਆਪਣੇ ਰਾਸਤਿਆਂ ਅਤੇ ਇੱਛਾਵਾਂ ਉੱਤੇ ਕੇਂਦ੍ਰਿਤ ਹੋਣ ਦੀ ਇੱਕ ਕਿਸਮ ਹੈ। ਉਤਪਤ 4:4 ਹਾਬਲ ਵੀ ਇੱਜੜ ਦੇ ਪਲੌਠਿਆਂ ਅਰ ਉਨ੍ਹਾਂ ਦੀ ਚਰਬੀ ਤੋਂ ਕੁਝ ਲੈ ਆਇਆ, ਅਤੇ ਯਹੋਵਾਹ ਨੇ ਹਾਬਲ ਨੂੰ ਅਰ ਉਹ ਦੀ ਭੇਟ ਨੂੰ ਪਸੰਦ ਕੀਤਾ।

ਉਤਪਤ 4:6-7 ਤਾਂ ਯਹੋਵਾਹ ਨੇ ਕਇਨ ਨੂੰ ਆਖਿਆ, ਤੂੰ ਕਿਉਂ ਕਰੋਧਵਾਨ ਹੈਂ ਅਤੇ ਤੇਰਾ ਮੂੰਹ ਨੀਵਾਂ ਕਿਉਂ ਹੋ ਗਿਆ? . . . ਜੇ ਤੂੰ ਭਲਾ ਨਾ ਕਰੇਂ ਤਾਂ ਪਾਪ ਬੂਹੇ ਉੱਤੇ ਛੈਹ ਵਿੱਚ ਬੈਠਾ ਹੈ ਅਤੇ ਉਹ ਤੈਨੂੰ ਲੋਚਦਾ ਹੈ ਪਰ ਤੂੰ ਉਹ ਦੇ ਉੱਤੇ ਪਰਬਲ ਹੋ।

- **ਪਹਿਲਾ ਕਤਲ**: ਕਇਨ ਉੱਤੇ ਦਯਾ ਕੀਤੀ ਗਈ ਪਰ ਉਸ ਨੇ ਪਰਮੇਸ਼ੁਰ ਦੇ **ਬਚਨ ਦਾ ਇਨਕਾਰ ਕੀਤਾ**, **ਵਿਦ੍ਰੋਹ ਕੀਤਾ ਅਤੇ ਆਪਣੇ ਭਰਾ ਹਾਬਲ ਨੂੰ ਮਾਰ ਦਿੱਤਾ।** ਇਹ ਉਨ੍ਹਾਂ ਬਚਨਾਂ ਦੇ ਵਾਂਗ ਹੈ ਜੋ ਯਿਸੂ ਨੇ ਅਬਰਾਹਾਮ ਦੇ ਕੁਝ ਵੰਸ਼ਜਾਂ (ਬੀਜ) ਨੂੰ ਆਖੇ ਸਨ:

  ਯੂਹੰਨਾ 8:37 ਤੁਹਾਡੇ ਵਿੱਚ ਮੇਰੇ ਬਚਨ ਲਈ ਥਾਂ ਨਹੀਂ ਹੈ।
- ਸ਼ਤਾਨ ਨੇ **ਇੱਕ ਪੁੱਤਰ ਨੂੰ ਮਾਰਨ ਅਤੇ ਦੂਸਰੇ ਉੱਤੇ ਕਾਬੂ ਪਾਉਣ** ਦੁਆਰਾ ਇੱਕ ਹੋਰ ਲੜਾਈ ਜਿੱਤ ਲਈ।

ਉਤਪਤ 4:9 ਤਾਂ ਯਹੋਵਾਹ ਨੇ ਕਇਨ ਨੂੰ ਆਖਿਆ ਤੇਰਾ ਭਰਾ ਹਾਬਲ ਕਿੱਥੇ ਹੈ? ਉਸ ਨੇ ਆਖਿਆ, **ਮੈਂ ਨਹੀਂ ਜਾਣਦਾ।** ਭਲਾ, ਮੈਂ ਆਪਣੇ ਭਰਾ ਦਾ ਰਾਖਾ ਹਾਂ?

ਪਹਿਲਾ ਝੂਠਾ ਮਨੁੱਖ, ਜਿਵੇਂ ਕਿ ਉਸ ਦਾ ਆਤਮਿਕ ਪਿਤਾ ਸ਼ਤਾਨ ਸੀ, ਤੁਸੀਂ ਕਦੀ ਨਾ ਮਰੋਗੇ। ਇਹ ਮੈਨੂੰ ਉਸ ਦੀ ਯਾਦ ਦਿਲਾਉਂਦਾ ਹੈ ਜੋ ਯਿਸੂ ਨੇ ਅਵਿਸ਼ਵਾਸੀਆਂ ਦੇ ਇੱਕ ਸਮੂਹ ਨੂੰ ਆਖਿਆ ਸੀ:

ਯੂਹੰਨਾ 8:44-45 ਤੁਸੀਂ **ਆਪਣੇ ਪਿਉ ਸ਼ਤਾਨ ਤੋਂ ਹੋ** ਅਤੇ **ਆਪਣੇ ਪਿਉ** ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। ਉਹ ਤਾਂ ਮੁੱਢੋਂ **ਮਨੁੱਖ ਘਾਤਕ** ਸੀ ਅਤੇ ਸਚਿਆਈ ਉੱਤੇ ਟਿਕਿਆ ਨਾ ਰਿਹਾ ਕਿਉਂਕਿ **ਉਸ ਵਿੱਚ ਸਚਿਆਈ ਹੈ ਨਹੀਂ।** ਜਦ ਉਹ ਝੂਠ ਬੋਲਦਾ ਹੈ ਤਾਂ ਉਹ ਆਪਣੀਆਂ ਹੀ ਹੱਕਦਾ ਹੈ ਕਿਉਂਕਿ **ਉਹ ਝੂਠਾ ਹੈ ਅਤੇ ਝੂਠ ਦਾ ਪਤੰਦਰ ਹੈ।**

- ਝੂਠ ਬੋਲਣਾ ਸ਼ਤਾਨ ਦਾ ਕੰਮ ਹੈ। ਜਦੋਂ ਇੱਕ ਸੱਚਾ ਵਿਸ਼ਵਾਸੀ ਝੂਠ ਬੋਲਦਾ ਹੈ, ਉਹ ਆਪਣੇ ਜੀਵਨ ਵਿੱਚ ਸ਼ਤਾਨ ਦੇ ਜ਼ਿਆਦਾ ਪ੍ਰਭਾਵ ਲਈ ਇੱਕ ਖਿੜਕੀ ਖੋਲਦਾ ਹੈ। ਅਫ਼ਸੀਆਂ 4:25 ਅਤੇ 27

1 ਯੂਹੰਨਾ 3:11-12 . . . ਭਈ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖੀਏ। ਤਿਵੇਂ ਨਹੀਂ ਜਿਵੇਂ **ਕਇਨ ਓਸ ਦੁਸ਼ਟ ਤੋਂ** ਸੀ ਅਤੇ ਆਪਣੇ ਭਰਾ ਨੂੰ ਮਾਰ ਸੁੱਟਿਆ-ਅਤੇ ਕਿਉਂ ਉਹ ਨੂੰ ਮਾਰਿਆ? ਇਸ ਲਈ ਜੋ ਉਹ ਦੇ **ਕੰਮ ਬੁਰੇ** ਅਤੇ ਉਹ ਦੇ **ਭਰਾ** ਦੇ ਕੰਮ **ਭਲੇ** ਸਨ। ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ। ਮੱਤੀ 7:16

**ਤੋਂ** -> ਯੂਨਾਨੀ "ἐκ" ਅਰੰਭ ਹੋਣ ਦੇ ਸਥਾਨ ਬਾਰੇ ਦੱਸਦਾ ਹੈ, ਜਿੱਥੋਂ ਕੰਮ ਸ਼ੁਰੂ ਹੋਇਆ -> **ਦੁਸ਼ਟ**। **ਕਇਨ ਇੱਕ "ਬੀਜ" ਸੀ, ਸ਼ਤਾਨ ਦੀ ਇੱਕ ਸੰਤਾਨ।**

ਯਿਸੂ ਨੇ ਨਿਕੁਦੇਮੁਸ ਨਾਲ ਗੱਲ ਕਰਦੇ ਹੋਏ ਉਤਪਤ 3:15 ਅਤੇ "ਦੋ ਬੀਜਾਂ" ਦੀ ਪੁਸ਼ਟੀ ਕੀਤੀ।

ਯੂਹੰਨਾ 3:3-8 ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ **ਜੇਕਰ ਨਵੇਂ ਸਿਰਿਓਂ** (ἄνωθεν - ਸ਼ਾਬਦਿਕ: **ਉਤਾਂਹ ਤੋਂ** ਜਾਂ ਸ਼ੁਰੂ ਤੋਂ) ਨਾ ਜੰਮੇ ਪਰਮੇਸ਼ੁਰ ਦੇ ਰਾਜ ਨੂੰ **ਵੇਖ** (ἰδεῖν - ਵੇਖਣਾ ਜਾਂ **ਸਮਝਣਾ**) ਨਹੀਂ ਸੱਕਦਾ।(**ਪ੍ਰਵੇਸ਼ ਕਰਨਾ ਨਹੀਂ** ਸਗੋਂ **ਵੇਖਣਾ**)

(4) ਨਿਕੁਦੇਮੁਸ ਨੇ ਉਸ ਨੂੰ ਆਖਿਆ, ਮਨੁੱਖ ਜਾਂ ਬੁੱਢਾ ਹੋ ਗਿਆ ਤਾਂ ਕਿੱਕਰ ਜੰਮ ਸੱਕਦਾ ਹੈ? ਕੀ ਇਹ ਹੋ ਸੱਕਦਾ ਹੈ ਜੋ ਉਹ ਆਪਣੀ ਮਾਂ ਦੀ ਕੁੱਖ ਵਿੱਚ ਦੂਈ ਵਾਰ ਜਾਵੇ ਅਤੇ ਜੰਮੇ?

- ਨਿਕੁਦੇਮੁਸ ਇਸ ਵਿੱਚ ਸਹੀ ਸੀ ਕਿ ਯਿਸੂ "ਕੁਦਰਤੀ ਜਨਮ" ਬਾਰੇ ਗੱਲ ਕਰ ਰਿਹਾ ਸੀ। ਪਰ ਇਹ **ਗਲਤ ਸਮਝਿਆ** ਕਿ ਯਿਸੂ ਮਨੁੱਖ ਦੇ ਕੁਦਰਤੀ ਜਨਮ ਦੇ **ਮੂਲ** ਬਾਰੇ ਗੱਲ ਕਰ ਰਿਹਾ ਸੀ। ਨਿਕੁਦੇਮੁਸ ਦੀ ਵਿਆਖਿਆ ਯਿਸੂ ਦੇ ਬਚਨਾਂ ਦੇ ਸਹੀ ਅਰਥ ਦੀ ਪੁਸ਼ਟੀ ਨਹੀਂ ਕਰਦੀ, ਸਗੋਂ ਉਸ ਦੇ ਗਲਤ ਸਮਝਣ ਦੀ ਪੁਸ਼ਟੀ ਕਰਦੀ ਹੈ।

- ਬਚਨ ਵਿੱਚ ਅਕਸਰ ਮਨੁੱਖਾਂ ਨੇ ਯਿਸੂ ਨੂੰ ਗਲਤ ਸਮਝਿਆ। **ਨਿਕੁਦੇਮੁਸ ਵੱਲੋਂ ਗਲਤ ਸਮਝੇ ਜਾਣ** ਨੂੰ ਆਇਤ 10 ਵਿੱਚ ਸਪੱਸ਼ਟ ਰੂਪ ਨਾਲ ਵੇਖਿਆ ਜਾ ਸਕਦਾ ਹੈ: ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਕੀ ਤੂੰ ਇਸਰਾਏਲ ਦਾ ਗੁਰੂ ਹੋਕੇ ਏਹ ਗੱਲਾਂ **ਨਹੀਂ ਸਮਝਦਾ?**

**'ਨਵੇਂ ਸਿਰਿਓਂ' ਲਈ ਸ਼ਬਦ (*πάλιν*- palin) ਹੈ** ਅਤੇ ਨਵੇਂ ਨੇਮ ਵਿੱਚ **171 ਵਾਰੀ** ਵਰਤਿਆ ਗਿਆ ਹੈ।

ਸ਼ਬਦ (πάλιν) ਇਸ ਆਇਤ ਵਿੱਚ **ਨਹੀਂ** ਵਰਤਿਆ ਗਿਆ **ਸੀ**, ਸਗੋਂ ਸ਼ਬਦ (ἄνωθεν) ਵਰਤਿਆ ਗਿਆ ਸੀ।

ਜੇਕਰ (ἄνωθεν) ਦਾ ਇਸ ਪਦ ਵਿੱਚ ਆਮ ਅਰਥ ਨਾਲ ਅਨੁਵਾਦ ਕੀਤਾ ਜਾਵੇ ਤਾਂ ਨਵੇਂ ਨੇਮ ਵਿੱਚ ਕਿਸੇ ਵੀ ਸਥਾਨ ਉੱਤੇ ਇਸ ਦਾ ਅਨੁਵਾਦ "ਨਵੇਂ ਸਿਰਿਓਂ" ਨਹੀਂ ਹੋਵੇਗਾ।

- (ἄνωθεν) ਨੂੰ "ਨਵੇਂ ਸਿਰਿਓਂ" ਦੇ ਰੂਪ ਵਿੱਚ ਅਨੁਵਾਦ ਕਰਨ ਲਈ ਇੱਕ ਅਨੁਮਾਨ ਲਾਉਣਾ ਜਾਂ ਤੁਕਾ ਮਾਰਨਾ ਹੈ।

ਬਚਨ ਸਾਨੂੰ ਦੱਸਦਾ ਹੈ ਕਿ **ਧਰਤੀ ਉੱਤੇ ਲੋਕਾਂ ਦੇ ਬਹੁਤ ਸਾਰੇ ਸ੍ਰੋਤ ਹਨ।** ਜੋ ਇਹ ਹੈ: **ਸਾਰੇ ਪਰਮੇਸ਼ੁਰ "ਤੋਂ" ਨਹੀਂ ਜਨਮੇ ਹਨ।**

ਯੂਹੰਨਾ 1:12-13 ਪਰ ਜਿੰਨਿਆਂ ਨੇ ਉਸ **ਨੂੰ ਕਬੂਲ ਕੀਤਾ** ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤਰ ***ਹੋਣ** ਦਾ ਹੱਕ ਦਿੱਤਾ ਅਰਥਾਤ ਜਿੰਨ੍ਹਾਂ ਨੇ ਉਸ ਦੇ ਨਾਮ ਉੱਤੇ **ਨਿਹਚਾ ਕੀਤੀ।** 13 ਓਹ (1) **ਨਾ ਲਹੂ ਤੋਂ**, (2) ਨਾ **ਸਰੀਰ** ਦੀ ਇੱਛਿਆ ਤੋਂ, (3) ਨਾ ਪੁਰਖ ਦੀ **ਇੱਛਿਆ** ਤੋਂ, ਪਰ (4) **ਪਰਮੇਸ਼ੁਰ ਤੋਂ ਪੈਦਾ ਹੋਏ।**

- 1, 2 ਅਤੇ 3 ਸਾਰੇ ਕੁਦਰਤੀ ਜਨਮ ਬਾਰੇ ਗੱਲ ਕਰਦੇ ਹਨ, ਇਸ ਲਈ ਅਨੁਵਾਦ ਨਿਯਮ ਤੈਅ ਕਰਦੇ ਹਨ ਕਿ #4 ਵੀ **ਕੁਦਰਤੀ ਜਨਮ** ਬਾਰੇ ਗੱਲ ਕਰਦਾ ਹੈ। ਨਾ ਕਿ ਆਤਮਿਕ ਜਨਮ ਬਾਰੇ।

- ***ਹੋਣ** ਇੱਕ ਨਿਸ਼ਚਿਤ ਕਾਲ ਹੈ: ਕੰਮ ਹੋਇਆ ਅਤੇ ਬੋਲਣ ਦੇ ਸਮੇਂ ਤੋਂ ਪਹਿਲਾਂ ਅਤੀਤ ਵਿੱਚ ਕਿਸੇ ਸਮੇਂ ਪੂਰਾ ਕੀਤਾ ਗਿਆ ਸੀ। ਇਸ ਕਿਰਿਆ ਦਾ ਮੁੱਖ ਰੂਪ ਵਿੱਚ ਅਰਥ **ਹੋਣ ਲਈ ਸ਼ੁਰੂ ਕਰਨਾ ਹੈ**, ਜੋ ਕਿ, **ਹੋਂਦ ਵਿੱਚ ਆਇਆ ਜਾਂ ਸਿਰਫ਼ ਹੋਣਾ।** (ਕੰਪਲੀਟ ਵਰਡ ਸਟੱਡੀ ਡਿਕਸ਼ਨਰੀ ਤੋਂ: ਨਵਾਂ ਨੇਮ © 1992 AMG ਇੰਟਰਨੇਸ਼ਨਲ ਦੁਆਰਾ, ਆਈ ਐੱਨ ਸੀ. ਰਿਵਾਈਜ਼ਡ ਐਡੀਸ਼ਨ, 1993)

ਅਪੋਲੋਜੈਟਿਕਸ ਸਟੱਡੀ ਬਾਈਬਲ ਸਹਿਮਤ ਹੁੰਦੀ ਹੈ ਕਿ **ਹੋਣ** ਸਹੀ ਅਨੁਵਾਦ ਹੈ ਅਤੇ **ਨਾ ਕਿ "ਬਣਨਾ"** ਜੋ ਕਿ ਕੰਮ ਹੋਣ ਦੇ ਸਮੇਂ ਨੂੰ ਉਸ ਸਮੇਂ ਵਿੱਚ ਲਿਆਉਂਦਾ ਹੈ ਜਦੋਂ ਇੱਕ ਵਿਅਕਤੀ ਵਿਸ਼ਵਾਸ ਕਰਦਾ ਹੈ, ਜੋ ਕਿ ਧਰਮ ਵਿਗਿਆਨ ਦੇ ਅਨੁਸਾਰ ਇੱਕ ਸਥਾਨ ਹੈ ਨਾ ਕਿ ਸਹੀ ਅਨੁਵਾਦ ਅਨੁਸਾਰ ਇੱਕ ਸਥਾਨ ਹੈ।

- ਸ਼ਬਰ ਸ਼ਕਤੀਮਾਨ ਪਰਮੇਸ਼ੁਰ ਇੱਕ ਪਿਤਾ ਹੈ ਅਤੇ ਉਸ ਨੇ ਆਪਣੀ ਸੰਤਾਨ ਨੂੰ, ਆਪਣੇ ਪਰਿਵਾਰ ਨੂੰ ਜਗਤ ਦੀ ਨੀਂ੍ਹ ਧਰਨ ਤੋਂ ਅੱਗੋਂ ਹੀ **ਚੁਣ ਲਿਆ** ਅਫ਼ਸੀਆਂ 1:4

- ਉਸ ਬੱਚਿਆਂ ਨੇ ਵਿਸ਼ਵਾਸ ਕੀਤਾ ਕਿਉਂਕਿ ਉਹ **ਪਰਮੇਸ਼ੁਰ ਤੋਂ ਪੈਦਾ ਹੋਏ** ਹਨ, ਉਸ ਦਾ ਬੀਜ।

ਉਤਪਤ 4:16 ਸੋ **ਕਇਨ ਯਹੋਵਾਹ ਦੇ ਹਜ਼ੂਰੋਂ ਚੱਲਿਆ ਗਿਆ** ਅਰ ਅਦਨ ਦੇ ਚੜ੍ਹਦੇ ਪਾਸੇ ਨੋਦ ਦੇਸ ਵਿੱਚ ਜਾ ਵੱਸਿਆ।

- ਕਇਨ ਨੇ ਆਪਣੀ ਪਿੱਠ ਨੂੰ ਘੁਮਾਇਆ ਅਤੇ ਬਾਹਰ ਨਿੱਲਕ ਗਿਆ ਅਤੇ ਯਹੋਵਾਹ ਤੋਂ ਦੂਰ ਚਲਾ ਗਿਆ।

- ਆਇਤਾਂ 17-24 ਸਾਨੂੰ ਕਇਨ ਦੇ ਵੰਸ਼ਜਾਂ ਬਾਰੇ ਦੱਸਦੀਆ ਹਨ ਅਤੇ ਇਹ ਦੱਸਦੀਆਂ ਹਨ ਕਿ ਲਾਮਕ ਨੇ ਆਪਣੇ ਲਈ **ਦੋ ਇਸਤਰੀਆਂ** ਕੀਤੀਆਂ, ਪਰਮੇਸ਼ੁਰ ਵੱਲੋਂ **ਠਹਿਰਾਏ ਗਏ ਕ੍ਰਮ "ਇੱਕ ਆਦਮੀ ਇੱਕ ਔਰਤ"** (ਉਤਪਤ 2:24) ਨੂੰ ਤੋੜੇ ਜਾਣ ਦਾ ਪਹਿਲਾ ਵਰਣਨ। ਲਾਮਕ **ਬਹੁਵਿਆਹ ਪ੍ਰਥਾ** ਦਾ ਪਿਤਾ ਸੀ, ਅਤੇ ਉਸ ਨੇ **ਇੱਕ ਆਦਮੀ ਨੂੰ ਮਾਰਨ** ਦੇ ਬਾਰੇ ਘਮੰਡ ਕੀਤਾ ਜਿਵੇਂ ਕਿ ਉਸ ਦੇ ਪੂਰਵਜ ਕਇਨ ਨੇ ਕੀਤਾ, ਉਹ ਆਪਣੇ **ਘਰਾਣੇ ਵਿਚਲੀ ਬੁਰਾਈ** ਨੂੰ ਪਰਗਟ ਕਰਦਾ ਹੈ।

ਉਤਪਤ 4:25-26 ਆਦਮ ਨੇ ਫੇਰ ਆਪਣੀ ਪਤਨੀ ਨਾਲ ਸੰਗ ਕੀਤਾ ਅਤੇ ਉਹ ਪੁੱਤਰ ਜਣੀ ਅਤੇ ਉਸ ਨੇ ਏਹ ਕਹਿਕੇ ਉਹ ਦਾ ਨਾਉਂ **ਸੇਥ** ਰੱਖਿਆ ਕਿ ਪਰਮੇਸ਼ੁਰ ਨੇ ਮੈਨੂੰ ਇੱਕ ਹੋਰ **ਵੰਸ** (ਸ਼ਾਬਦਿਕ: ਬੀਜ) **ਹਾਬਲ ਦੀ ਥਾਂ** ਜਿਹ ਕਇਨ ਨੇ ਵੱਢ ਸੁੱਟਿਆ ਸੀ ਦੇ ਦਿੱਤੀ ਹੈ। 26 ਅਤੇ ਸੇਥ ਤੋਂ ਵੀ ਇੱਕ ਪੁੱਤਰ ਜੰਮਿਆ ਅਤੇ ਉਸ ਨੇ ਉਹ ਦਾ ਨਾਉਂ **ਅਨੋਸ਼** ਰੱਖਿਆ। **ਉਸ ਵੇਲੇ ਤੋਂ ਲੋਕ ਯਹੋਵਾਹ ਦਾ ਨਾਮ ਲੈਣ ਲੱਗੇ।**

- ਆਦਮ ਤੋਂ ਸੇਥ ਦੁਆਰਾ ਅਤੇ ਉਸ ਦੇ ਪੁੱਤਰ ਅਨੋਸ਼ ਤੋਂ, ਇਹ ਪੀੜ੍ਹੀ ਨੇ **ਯਹੋਵਾਹ ਦਾ ਨਾਮ ਲੈਣਾ** ਸ਼ੁਰੂ ਕੀਤਾ।

ਇਹ ਚੁਣਿਆ ਹੋਇਆ ਘਰਾਣਾ, ਬੀਜ ਹੈ, ਜਿਸ ਤੋਂ ਜੇਤੂ ਮੁਕਤੀਦਾਤਾ ਜੋ ਸੱਪ ਦੇ ਸਿਰ ਨੂੰ ਫੇਵੇਂਗਾ, ਆਇਆ।

- **ਹੁਣ ਸਾਡੇ ਕੋਲ ਦੋ ਘਰਾਣੇ ਹਨ, ਧਰਤੀ ਉੱਤੇ ਮਨੁੱਖਾਂ ਦੇ ਦੋ ਘਰਾਣੇ।** ਇੱਕ ਉਹ ਜੋ ਯਹੋਵਾਹ ਤੋਂ ਪਰੇ ਮੁੜ ਗਿਆ ਅਤੇ ਇੱਕ ਉਹ ਜੋ ਯਹੋਵਾਹ ਵੱਲ ਮੁੜਿਆ।

- ਉਤਪਤ 4:25 ਤੋਂ 5:32 ਵਿੱਚ ਆਦਮ ਦੇ ਵੰਸ਼ਜਾਂ ਦਾ ਵਰਣਨ ਸੇਥ ਤੋਂ ਨੂਹ ਤੱਕ ਦਿੱਤਾ ਗਿਆ ਹੈ। ਹਰੇਕ ਵੰਸ਼ਜ ਦੇ ਨਾਮ ਨਾਲ ਇਸ ਪੰਕਤੀ ਨੂੰ ਲਿਖਿਆ ਗਿਆ ਹੈ: ਉਸ ਤੋਂ ਪੁੱਤਰ ਧੀਆਂ ਜੰਮੇ ਇਸ ਲਈ ਧਰਤੀ ਪੂਰੀ ਤਰ੍ਹਾਂ ਭਰ ਗਈ ਸੀ।

- **ਆਦਮ ਤੋਂ ਨੂਹ** ਤੱਕ ਦਾ ਇਹ ਸਮਾਂ **1,556 ਸਾਲ** ਦਾ ਸੀ। **ਨੂਹ** ਪੰਜ ਸੌ ਵਰਿਹਾਂ ਦਾ ਸੀ ਤਾਂ ਨੂਹ ਤੋਂ **ਸ਼ੇਮ, ਹਾਮ** ਤੇ **ਯਾਫਥ** ਜੰਮੇ।

## V. ਸ਼ਤਾਨ ਵੱਲੋਂ "ਔਰਤ ਦੇ ਬੀਜ" ਉੱਤੇ ਵੱਡੇ ਹਮਲੇ ਦਾ ਨਤੀਜਾ ਜਲ ਪਰਲੋ ਦੇ ਰੂਪ ਵਿੱਚ ਨਿੱਕਲਿਆ

ਉਤਪਤ 6:1-14 ਤਾਂ ਐਉਂ ਹੋਇਆ ਜਦ ਆਦਮੀ ਜ਼ਮੀਨ ਉੱਤੇ ਵਧਣ ਲੱਗ ਪਏ (ਆਦਮ ਤੋਂ ਨੂਹ ਤੱਕ 1,556 ਸਾਲ) ਅਰ ਉਨ੍ਹਾਂ ਤੋਂ ਧੀਆਂ ਜੰਮੀਆਂ। 2 ਤਾਂ **ਪਰਮੇਸ਼ੁਰ ਦੇ ਪੁੱਤਰਾਂ** (ਪੁਰਾਣੇ ਨੇਮ ਵਿੱਚ ਇਸ ਦਾ **ਅਰਥ** ਹਮੇਸ਼ਾ **ਸਵਰਗਦੂਤ** ਹੈ: ਅੱਯੂਬ 1:6, 2:1, 38:7) ਨੇ ਆਦਮੀ ਦੀਆਂ ਧੀਆਂ ਨੂੰ ਵੇਖਿਆ ਭਈ ਓਹ ਸੋਹਣੀਆਂ (ਉਨ੍ਹਾਂ ਦੇ ਪਿੱਛੇ ਕਾਮਨਾ ਵਿੱਚ ਪੈ ਗਏ) ਤਦ ਉਨ੍ਹਾਂ ਨੇ ਆਪਣੇ ਲਈ ਸਾਰੀਆਂ ਚੁਣੀਆਂ ਹੋਈਆਂ ਵਿੱਚੋਂ **ਇਸਤਰੀਆਂ** ਕੀਤੀਆਂ।(ਲਾਮਕ ਦੀ ਉਦਾਹਰਣ ਅਨੁਸਾਰ ਕੀਤਾ ਜੋ ਦੋ ਇਸਤਰੀਆਂ ਲੈਣ ਦੁਆਰਾ ਬਹੁਵਿਆਹ ਦਾ ਪਿਤਾ ਹੋਇਆ। ਉਤਪਤ 4:19) 4 ਉਨ੍ਹੀਂ ਦਿਨੀਂ ਧਰਤੀ ਉੱਤੇ **ਦੈਂਤ** ਸਨ ਅਤੇ ਉਹ ਦੇ ਮਗਰੋਂ ਵੀ ਜਦ **ਪਰਮੇਸ਼ੁਰ ਦੇ ਪੁੱਤਰ** ਆਦਮੀ ਦੀਆਂ ਧੀਆਂ ਕੋਲ ਆਏ ਅਰ **ਉਨ੍ਹਾਂ ਨੇ ਉਨ੍ਹਾਂ ਲਈ ਪੁੱਤਰ ਜਣੇ** ਤਾਂ ਏਹ (**ਪੁੱਤਰ**, ਦੈਂਤ) ਸੂਰਵੀਰ (ਯੋਧੇ, ਤਾਨਾਸ਼ਾਹ ਜਾਂ ਦੈਂਤ) ਹੋਏ ਜਿਹੜੇ ਮੁੱਢੋਂ ਨਾਮੀ ਸਨ।

- ਇਹ "**ਪਰਮੇਸ਼ੁਰ ਦੇ ਪੁੱਤਰ**" ਪਰਮੇਸ਼ੁਰ ਦੁਆਰਾ ਬਣਾਏ ਗਏ **ਸਵਰਗਦੂਤ** ਸਨ, **ਡਿੱਗੇ ਹੋਏ** ਜਿਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਵਿਦ੍ਰੋਹ ਵਿੱਚ "ਲੂਸੀਫ਼ਰ" ਦਾ ਸਾਥ ਦਿੱਤਾ ਸੀ (ਹਿਜ਼ਕੀਏਲ 28:12-19), ਜਿਸ ਦਾ **ਮਕਸਦ** ਉਸ ਸਭ ਨੂੰ **ਨਾਸ ਕਰਨਾ ਸੀ** ਜੋ ਪਰਮੇਸ਼ੁਰ ਨੇ ਬਣਾਇਆ ਅਤੇ ਜਿਸ ਨੂੰ ਉਹ ਪਿਆਰ ਕਰਦਾ ਹੈ। ਖਾਸ ਕਰਕੇ **ਲੋਕ**, ਜੋ ਉਸ ਦੇ ਸਰੂਪ ਤੇ ਬਣਾਏ ਗਏ ਹਨ।

- ਯਹੂਦਾਹ 6-7 ਅਤੇ ਉਨ੍ਹਾਂ **ਦੂਤਾਂ** ਨੂੰ ਜੋ ਆਪਣੀ ਪਦਵੀ (ਜਾਂ: ਸਥਾਨ) ਵਿੱਚ ਨਾ ਰਹੇ ਸਗੋਂ ਆਪਣੇ ਅਸਲੀ ਠਿਕਾਣੇ (ਜਾਂ ਰਹਿਣ ਦਾ ਸਥਾਨ) ("ਮਨੁੱਖ ਦੀਆਂ ਧੀਆਂ" ਦੇ ਮਗਰ ਕਾਮਨਾ ਵਿੱਚ ਵਹਿ ਕੇ) ਨੂੰ ਛੱਡ ਦਿੱਤਾ ਉਹ ਨੇ ਅਨ੍ਹੇਰੇ ਘੁੱਪ ਵਿੱਚ ਓਸ ਵੱਡੇ ਦਿਹਾੜੇ ਦੇ ਨਿਆਉਂ ਲਈ ਸਦੀਪਕ ਬੰਧਨਾਂ ਵਿੱਚ ਰੱਖ ਛੱਡਿਆ। **ਜਿਵੇਂ** ਸਦੂਮ ਅਤੇ ਅਮੂਰਾਹ ਅਤੇ ਓਹਨਾਂ ਦੇ ਲਾਂਭ ਛਾਂਭ ਦੇ ਨਗਰ **ਏਹਨਾਂ ਵਾਂਙੁ ਹਰਾਮਕਾਰੀ ਕਰ ਕੇ** ਅਤੇ **ਪਰਾਏ** ਸਰੀਰ ਦੇ ਮਗਰ ਲੱਗ ਕੇ ਸਦੀਪਕ ਅੱਗ ਦੀ ਸਜ਼ਾ ਭੋਗਦੇ ਹੋਏ **ਨਮੂਨਾ** (ਪਰਮੇਸ਼ੁਰ ਹਰਾਮਕਾਰੀ ਨੂੰ ਕਿੰਨੀ ਨਫ਼ਰਤ ਕਰਦਾ ਹੈ) ਬਣਾਏ ਹੋਏ ਹਨ।

ਸ਼ਤਾਨ, ਜੋ ਕਿ ਇਨ੍ਹਾਂ ਡਿੱਗੇ ਹੋਏ ਦੂਤਾਂ ਦਾ ਆਗੂ ਹੈ ਉਸ ਨੇ ਉਨ੍ਹਾਂ ਨੂੰ ਯਕੀਨ ਨਾਲ ਆਖਿਆ ਕਿ ਸਾਰੀਆਂ ਚੁਣੀਆਂ ਹੋਈਆਂ ਵਿੱਚੋਂ **ਇਸਤਰੀਆਂ** ਕਰਨ ਤਾਂ ਕਿ ਘਰਾਣੇ ਨੂੰ ਭ੍ਰਿਸ਼ਟ ਕੀਤਾ ਜਾਵੇ, ਪੀੜ੍ਹੀ ਨੂੰ, DNA ਨੂੰ ਜਾਂ ਮਨੁੱਖ ਦੀ ਜਾਤੀ ਨੂੰ, ਤਾਂ ਕਿ ਇਸ ਭਵਿੱਖਬਾਣੀ ਨੂੰ ਪੂਰਾ ਹੋਣ ਤੋਂ ਰੋਕਿਆ ਜਾਵੇ ਕਿ ਇਸਤਰੀ ਦੀ ਸੰਤਾਨ ਉਸ ਦੇ ਸਿਰ ਨੂੰ ਫੇਵੇਂਗਾ।

- ਜਿਵੇਂ ਕਿ ਡਿੱਗੇ ਸਵਰਗਦੂਤਾਂ ਕੋਲ ਸ਼ਕਤੀ ਹੈ ਕਿ ਉਹ ਔਰਤਾਂ ਨੂੰ ਗਰਭਵਤੀ ਕਰ ਸਕਣ ਅਤੇ ਬੱਚੇ ਪੈਦਾ ਕਰ ਸਕਣ ਜਿਵੇਂ ਉਤਪਤ ਅਧਿਆਏ ਛੇ ਦੱਸਦਾ ਹੈ, ਇਸ ਦਾ ਅਰਥ ਹੈ ਕਿ **ਮਨੁੱਖੀ ਅੰਸ** ਭ੍ਰਿਸ਼ਟ ਹੋ ਜਾਵੇਗੀ। ਇਹ **ਔਰਤ ਦੀ ਸੰਤਾਨ** ਨੂੰ ਭ੍ਰਿਸ਼ਟ ਕਰਨ ਲਈ ਇੱਕ ਹੋਰ ਹਮਲਾ ਹੈ।

  - ਸੱਪ, ਸ਼ਤਾਨ **ਆਪਣੀ ਸੰਤਾਨ** ਨੂੰ ਖੜ੍ਹਾ ਕਰਨ ਲਈ ਕੋਸ਼ਿਸ਼ ਕਰ ਰਿਹਾ ਸੀ ਅਤੇ ਰਿਹਾ ਹੈ, ਤਾਂ ਕਿ **ਔਰਤ ਦੀ ਸੰਤਾਨ**, ਪਰਮੇਸ਼ੁਰ ਦੇ ਲੋਕਾਂ ਨੂੰ ਭ੍ਰਿਸ਼ਟ ਅਤੇ ਨਾਸ ਕਰੇ। **ਮਨੁੱਖ ਜਾਤੀ ਨੂੰ ਜਾਲ ਵਿੱਚ ਫਸਾਉਣ ਲਈ ਯੌਨ ਅਨੰਦ ਉਸ ਵੱਲੋਂ ਦਿੱਤਾ ਗਿਆ ਲਾਲਚ** ਸੀ। ਸੰਸਾਰ ਭਰ ਵਿੱਚ ਇਸ ਲੜਾਈ ਨੂੰ ਅੱਜ ਸਪੱਸ਼ਟ ਰੂਪ ਵਿੱਚ ਵੇਖਿਆ ਜਾਂਦਾ ਹੈ। ਹਰ ਮਸੀਹੀ ਨੂੰ ਇਹ ਜਾਣਨ ਦੀ ਲੋੜ ਹੈ ਅਤੇ ਪਰ **ਜੁਆਨੀ ਦੀਆਂ ਕਾਮਨਾਂ ਤੋਂ ਭੱਜ** ਅਤੇ ਜਿਹੜੇ ਸਾਫ਼ ਦਿਲ ਤੋਂ ਪ੍ਰਭੂ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ। 2 ਤਿਮੋਥਿਉਸ 2:22-23

- ਇਹ ਬੱਚੇ ਉਹ ਹੋ ਸਕਦੇ ਹਨ ਜਿਨ੍ਹਾਂ ਨੂੰ ਪਰਮੇਸੁਰ ਨੇ **ਦੁਸ਼ਟ ਦੇ ਪੁੱਤਰ** ਆਖਿਆ ਸੀ ਜਾਂ ਸ਼ਤਾਨ ਵੱਲੋਂ ਬੀਜੀ ਗਈ ਜੰਗਲੀ ਬੂਟੀ। **ਮੱਤੀ** 13:37-39 ਤਾਂ ਉਸ ਨੇ ਉੱਤਰ ਦਿੱਤਾ ਜਿਹੜਾ **ਚੰਗਾ ਬੀ** ਬੀਜਦਾ ਹੈ ਉਹ ਮਨੁੱਖ ਦਾ ਪੁੱਤਰ ਹੈ . . . ਰਾਜ ਦੇ ਪੁੱਤਰ ਅਤੇ ਜੰਗਲੀ ਬੂਟੀ **ਦੁਸ਼ਟ ਦੇ ਪੁੱਤਰ** ਹਨ। ਅਤੇ ਜਿਸ ਵੈਰੀ ਨੇ ਉਹ ਨੂੰ ਬੀਜਿਆ ਉਹ ਸ਼ਤਾਨ ਹੈ। ਅਤੇ ਯੂਹੰਨਾ 8:44 ਤੁਸੀਂ **ਆਪਣੇ ਪਿਉ ਸ਼ਤਾਨ** ਤੋਂ ਹੋ ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ।

- **ਰਸੂਲਾਂ ਦੇ ਕਰਤੱਬ** 13:7-10 ਵਿੱਚ ਪੌਲੁਸ ਇਨ੍ਹਾਂ "ਸ਼ਤਾਨ ਦੇ ਪੁੱਤਰਾਂ" ਵਿੱਚੋਂ ਇੱਕ ਦਾ ਹਵਾਲਾ ਦਿੰਦਾ ਹੈ
  ਅਤੇ ਆਖਿਆ ਕਿ ਓਏ ਤੂੰ ਜੋ ਸਭ ਤਰਾਂ ਦੇ ਛਲ ਅਤੇ ਬੁਰਿਆਈ ਨਾਲ ਭਰਿਆ ਹੋਇਆ ਹੈਂ **ਸ਼ਤਾਨ ਦੇ ਬੱਚੇ** ਅਤੇ ਸਾਰੇ ਧਰਮ ਦੇ ਵੈਰੀ!

**ਉਤਪਤ 6 ਵੱਲ ਵਾਪਸ:**

5ਫੇਰ ਯਹੋਵਾਹ ਨੇ ਵੇਖਿਆ ਕਿ **ਆਦਮੀ ਦੀ ਬੁਰਿਆਈ** ਧਰਤੀ ਉੱਤੇ **ਵਧ ਗਈ** ਅਰ ਉਸ ਦੇ ਮਨ ਦੇ **ਵਿਚਾਰਾਂ** ਦੀ **ਹਰ**
**ਇੱਕ** ਭਾਵਨਾ **ਸਾਰਾ ਦਿਨ ਬੁਰੀ ਹੀ ਰਹਿੰਦੀ** ਹੈ। 6ਤਾਂ ਯਹੋਵਾਹ ਨੂੰ ਆਦਮੀ ਦੇ ਧਰਤੀ ਉੱਤੇ ਬਣਾਉਣ ਤੋਂ **ਰੰਜ ਹੋਇਆ** ਅਤੇ
ਉਹ ਮਨ ਵਿੱਚ **ਦੁਖੀ ਹੋਇਆ**। 7ਤਦ ਯਹੋਵਾਹ ਨੇ ਆਖਿਆ, ਮੈਂ ਆਦਮੀ ਜਿਹ ਨੂੰ ਮੈਂ ਉਤਪਤ ਕੀਤਾ, ਹਾਂ ਆਦਮੀ ਨੂੰ,
ਡੰਗਰ ਨੂੰ ਘਿੱਸਰਨ ਵਾਲੇ ਨੂੰ ਅਰ ਅਕਾਸ਼ ਦੇ ਪੰਛੀ ਨੂੰ ਵੀ ਜ਼ਮੀਨ ਦੇ ਉੱਤੋਂ ਮਿਟਾ ਦਿਆਂਗਾ ਕਿਉਂਜੋ ਮੈਨੂੰ ਉਨ੍ਹਾਂ ਬਣਾਉਣ ਤੋਂ
ਰੰਜ ਹੋਇਆ ਹੈ। 8ਪਰ **ਨੂਹ ਉੱਤੇ ਯਹੋਵਾਹ ਦੀ ਕਿਰਪਾ ਦੀ ਨਿਗਾਹ ਹੋਈ।** 9ਏਹ ਨੂਹ ਦੀ ਕੁਲ ਪੱਤਰੀ ਹੈ। ਨੂਹ ਇੱਕ
**ਧਰਮੀ** ਮਨੁੱਖ ਸੀ ਅਤੇ ਆਪਣੀ ਪੀੜੀ ਵਿੱਚ **ਸੰਪੂਰਨ** ਸੀ ਅਤੇ ਨੂਹ **ਪਰਮੇਸ਼ੁਰ ਦੇ ਨਾਲ ਨਾਲ ਚਲਦਾ ਸੀ।** 10ਨੂਹ ਦੇ ਤਿੰਨ
ਪੁੱਤਰ ਸਨ ਅਰਥਾਤ ਸ਼ੇਮ ਅਰ ਹਾਮ ਅਰ ਯਾਫਥ। 11**ਧਰਤੀ ਪਰਮੇਸ਼ੁਰ ਦੇ ਅੱਗੇ ਬਿਗੜੀ ਹੋਈ ਸੀ ਅਰ ਧਰਤੀ ਜ਼ੁਲਮ
ਨਾਲ ਭਰੀ ਹੋਈ ਸੀ।** 12ਤਾਂ ਪਰਮੇਸ਼ੁਰ ਨੇ ਧਰਤੀ ਨੂੰ ਡਿੱਠਾ ਅਤੇ ਵੇਖੋ ਉਹ **ਬਿਗੜੀ ਹੋਈ ਸੀ** ਕਿਉਂਜੋ **ਸਾਰੇ ਸਰੀਰਾਂ ਨੇ
ਆਪਣੇ ਮਾਰਗ ਨੂੰ ਧਰਤੀ ਉੱਤੇ ਬਿਗਾੜ ਲਿਆ ਸੀ।** 13 ਸੋ ਪਰਮੇਸ਼ੁਰ ਨੇ ਨੂਹ ਨੂੰ ਆਖਿਆ ਕਿ ਸਰਬੱਤ ਸਰੀਰਾਂ ਦਾ
ਅੰਤਕਾਲ ਮੇਰੇ ਸਾਹਮਣੇ ਏਸ ਲਈ ਆ ਗਿਆ ਹੈ ਕਿ ਧਰਤੀ ਉਨ੍ਹਾਂ ਦੇ ਕਾਰਨ **ਜ਼ੁਲਮ ਨਾਲ ਭਰ ਗਈ** ਹੈ। **ਵੇਖ ਮੈਂ ਉਨ੍ਹਾਂ ਨੂੰ
ਧਰਤੀ ਦੇ ਸੰਗ ਨਾਸ ਕਰਾਂਗਾ।**

- ਦੈਂਤਾਂ ਨੇ ਅਨੈਤਿਕਤਾ ਨੂੰ ਐਨਾ ਵਧਾਇਆ ਕਿ ਉਸ (ਮਨੁੱਖ ਦੇ) ਦੇ ਮਨ ਦੇ **ਵਿਚਾਰਾਂ** ਦੀ **ਹਰ ਇੱਕ** ਭਾਵਨਾ **ਸਾਰਾ ਦਿਨ ਬੁਰੀ ਹੀ ਰਹਿੰਦੀ** ਹੈ।

- **ਸਾਰੇ ਸਰੀਰਾਂ ਨੇ ਆਪਣੇ ਮਾਰਗ ਨੂੰ ਧਰਤੀ ਉੱਤੇ ਬਿਗਾੜ ਲਿਆ ਸੀ।** ਇਹ ਮਨੁੱਖ ਜਾਤੀ ਦੇ ਜੀਉਂਦੇ ਰਹਿਣ ਅਤੇ ਔਰਤ ਦੀ ਸੰਤਾਨ ਦੇ ਬਾਰੇ ਭਵਿੱਖਬਾਣੀ ਉੱਤੇ ਇੱਕ ਗੰਭੀਰ ਹਮਲਾ ਸੀ।

- ਦੈਂਤਾਂ ਦਾ DNA ਅੱਧਾ ਮਨੁੱਖਾਂ ਦਾ ਅਤੇ ਅੱਧਾ ਡਿੱਗੇ ਸਵਰਗਦੂਤਾਂ ਦਾ ਸੀ। ਇਹ ਉਨ੍ਹਾਂ ਦੀ ਹੱਦ ਤੋਂ ਵੱਧ ਬੁਰਾਈ ਵੱਲ ਲੈ ਗਿਆ, ਬੁਰਾ ਸੁਭਾਓ।

ਇਸ ਲਈ, ਜਲ ਪਰਲੋ ਨੇ ਸ਼ਤਾਨ ਦੀ ਯੋਜਨਾ ਉੱਤੇ ਰੋਕ ਲਾਈ

- **ਹਾਲਾਂਕਿ, ਇੱਕ ਮਨੁੱਖ ਬਚਿਆ ਸੀ** . . . ਨੂਹ ਇੱਕ **ਧਰਮੀ** ਮਨੁੱਖ ਸੀ ਅਤੇ ਆਪਣੀ ਪੀੜੀ ਵਿੱਚ **ਸੰਪੂਰਨ** ਸੀ ਅਤੇ ਨੂਹ **ਪਰਮੇਸ਼ੁਰ ਦੇ ਨਾਲ ਨਾਲ ਚਲਦਾ ਸੀ।** 13 ਸੋ ਪਰਮੇਸ਼ੁਰ ਨੇ ਨੂਹ ਨੂੰ ਆਖਿਆ ਕਿ ਸਰਬੱਤ ਸਰੀਰਾਂ ਦਾ ਅੰਤਕਾਲ ਮੇਰੇ ਸਾਹਮਣੇ ਏਸ ਲਈ ਆ ਗਿਆ ਹੈ ਕਿ ਧਰਤੀ ਉਨ੍ਹਾਂ ਦੇ ਕਾਰਨ **ਜ਼ੁਲਮ ਨਾਲ ਭਰ ਗਈ** ਹੈ। **ਵੇਖ ਮੈਂ ਉਨ੍ਹਾਂ ਨੂੰ ਧਰਤੀ ਦੇ ਸੰਗ ਨਾਸ ਕਰਾਂਗਾ।**

- ਨੂਹ ਦਾ ਘਰਾਣਾ ਸੇਥ ਦਾ ਘਰਾਣਾ ਸੀ ਜਿਸ ਦਾ ਪਿਤਾ ਆਦਮ . . . ਤਾਂ ਉਸ ਤੋਂ ਇੱਕ ਪੁੱਤਰ ਉਸ ਵਰਗਾ ਤੇ ਉਸ ਦੇ ਸਰੂਪ ਉੱਤੇ ਜੰਮਿਆ ਅਤੇ ਉਸ ਨੇ ਦਾ ਨਾਉਂ ਸੇਥ ਰੱਖਿਆ। ਉਤਪਤ 5:3

- ਜਲ ਪਰਲੋ ਨਾਲ ਤਿੰਨ ਮਕਸਦ ਪੂਰੇ ਹੋਏ: (1) ਦੈਂਤਾਂ ਦਾ ਨਾਸ ਹੋਇਆ (2) ਉਨ੍ਹਾਂ ਲੋਕਾਂ ਦਾ ਨਾਸ ਹੋਇਆ ਜੋ ਜਿਨ੍ਹਾਂ ਦਾ DNA ਭ੍ਰਿਸ਼ਟ ਸੀ। ਅਤੇ (3) ਅਤੇ ਉਹ ਸਾਰੇ ਲੋਕ ਜਿਨ੍ਹਾਂ ਦੇ ਮਾਰਗ ਬਿਗੜ ਗਏ ਸਨ।

- ਜਦੋਂ ਇਹ ਦੈਂਤ ਜਲ ਪਰਲੋ ਵਿੱਚ ਮਰ ਗਏ, ਜਾਂ ਬਾਅਦ ਵਿੱਚ, **ਉਨ੍ਹਾਂ ਦੇ ਆਤਮਾ** ਉਨ੍ਹਾਂ ਦੇ ਸਰੀਰ ਤੋਂ **ਅਜ਼ਾਦ ਹੋ ਗਏ** ਅਤੇ ਹੋਰ ਸਰੀਰਾਂ ਦੇ ਵਿੱਚ ਪ੍ਰਵੇਸ਼ ਕਰਨ ਲਈ ਧਰਤੀ ਉੱਤੇ ਭਟਕਣ ਲੱਗੇ ਤਾਂ ਕਿ ਉਹੋ **ਹਰਾਮਕਾਰੀ, ਗਲਤ ਯੌਨ ਸਬੰਧ ਮਨੁੱਖ ਜਾਤੀ ਵਿੱਚ** ਵਧਾਉਣ।
  ਯਿਸੂ ਨੇ ਇਸ ਦੀ ਪੁਸ਼ਟੀ ਮੱਤੀ 12:43-45 ਵਿੱਚ ਕੀਤੀ
  ਪਰ ਜਾਂ ਭ੍ਰਿਸ਼ਟ ਆਤਮਾ ਮਨੁੱਖ ਤੋਂ ਨਿੱਕਲ ਗਿਆ (ਯੂਨਾਨੀ: exerchomai / exercism ?) ਹੋਵੇ ਤਾਂ ਸੁੱਕਿਆਂ ਥਾਵਾਂ ਵਿੱਚ ਅਰਾਮ ਭਾਲਦਾ ਫਿਰਦਾ ਹੈ ਪਰ ਨਹੀਂ ਲੱਭਦਾ। ਤਦ ਉਹ ਆਖਦਾ ਹੈ ਭਈ **ਮੈਂ ਆਪਣੇ ਘਰ** ਜਿੱਥੋਂ

ਨਿੱਕਲਿਆ ਸਾਂ **ਮੁੜ ਜਾਵਾਂਗਾ** ਅਤੇ ਆਣ ਕੇ ਉਹ ਨੂੰ ਵੇਹਲਾ ਅਤੇ ਝਾੜਿਆ ਸੁਆਰਿਆ ਹੋਇਆ ਵੇਖਦਾ ਹੈ। ਤਦ ਉਹ ਜਾ ਕੇ **ਹੋਰ ਸੱਤ ਆਤਮੇ ਆਪਣੇ ਨਾਲੋਂ ਵੀ ਭੈੜੇ** ਸੰਗ ਲਿਆਉਂਦਾ ਹੈ ਅਤੇ **ਓਹ ਅੰਦਰ ਵੜ ਕੇ ਉੱਥੇ ਵੱਸਦੇ ਹਨ।** ਤਾਂ ਉਸ ਮਨੁੱਖ ਦਾ ਪਿਛਲਾ ਹਾਲ ਪਹਿਲੇ ਨਾਲੋਂ **ਬੁਰਾ** ਹੁੰਦਾ ਹੈ। **ਇਸ ਬੁਰੀ ਪੀੜ੍ਹੀ ਦੇ ਲੋਕਾਂ ਦਾ ਵੀ ਠੀਕ ਇਹੋ ਜਿਹਾ ਹਾਲ ਹੋਵੇਗਾ।**

- ਸਵਰਗਦੂਤ ਜੋ ਔਰਤਾਂ ਪਿੱਛੇ ਕਾਮਨਾ ਵਿੱਚ ਵਹਿ ਗਏ ਅਤੇ ਉਨ੍ਹਾਂ ਤੋਂ ਬੱਚੇ ਪੈਦਾ ਕੀਤੇ, ਉਹ ਸਦੀਪਕ ਕਾਲ ਦੀ ਸਜ਼ਾ ਲਈ ਦੋਸ਼ੀ ਠਹਿਰਾਏ ਗਏ:
  - ਸਵਰਗਦੂਤਾਂ ਨੂੰ ਵਿਆਹ ਕਰਨ ਦੀ ਆਗਿਆ ਨਹੀਂ ਸੀ। ਮੱਤੀ 22:30

ਯਹੂਦਾਹ 5-6 ਪ੍ਰਭੂ ਨੇ ਲੋਕਾਂ ਨੂੰ ਮਿਸਰ ਦੇਸ ਵਿੱਚੋਂ ਬਚਾ ਕੇ ਪਿੱਛੋਂ ਉਨ੍ਹਾਂ ਦਾ ਜਿਨ੍ਹਾਂ ਪਰਤੀਤ ਨਾ ਕੀਤੀ ਨਾਸ ਕੀਤਾ। ਅਤੇ ਉਨ੍ਹਾਂ **ਦੂਤਾਂ** ਨੂੰ ਜੋ **ਆਪਣੀ ਪਦਵੀ ਵਿੱਚ ਨਾ ਰਹੇ** ਸਗੋਂ ਆਪਣੇ ਅਸਲੀ ਠਿਕਾਣੇ ਨੂੰ ਛੱਡ ਦਿੱਤਾ ਉਹ ਨੇ ਅਨ੍ਹੇਰੇ ਘੁੱਪ ਵਿੱਚ ਓਸ ਵੱਡੇ ਦਿਹਾੜੇ ਦੇ ਨਿਆਉਂ ਲਈ **ਸਦੀਪਕ ਬੰਧਨਾਂ** ਵਿੱਚ ਰੱਖ ਛੱਡਿਆ।

1 ਪਤਰਸ 3:19 ਜਿਹ ਦੇ ਵਿੱਚ ਹੋ ਕੇ ਉਹ ਨੇ **ਉਨ੍ਹਾਂ ਆਤਮਿਆਂ ਦੇ ਕੋਲ ਜਿਹੜੇ ਕੈਦ ਵਿੱਚ ਸਨ ਜਾ ਕੇ ਮਨਾਦੀ ਕੀਤੀ।** (ਸਵਰਗਦੂਤ ਜਾਂ ਪਰਮੇਸ਼ੁਰ ਦੇ ਪੁੱਤਰ) [20]ਜਿਹੜੇ ਪਿੱਛਲੇ ਸਮੇਂ ਅਣਆਗਿਆਕਾਰੀ ਸਨ ਜਿਸ ਵੇਲੇ ਪਰਮੇਸ਼ਰ **ਨੂਹ ਦੇ ਦਿਨੀਂ** ਧੀਰਜ ਨਾਲ ਉਡੀਕ ਕਰਦਾ ਸੀ ਜਦ ਕਿਸ਼ਤੀ ਤਿਆਰ ਹੁੰਦੀ ਪਈ ਸੀ।

ਯਾਦ ਕਰੋ: ਯਿਸੂ ਨੇ ਸਾਨੂੰ ਚੇਤਾਵਨੀ ਦਿੱਤੀ: ਮੱਤੀ 24:37
ਪਰ ਜਿਸ ਤਰਾਂ **ਨੂਹ ਦੇ ਦਿਨ** ਸਨ ਮਨੁੱਖ ਦੇ ਪੁੱਤਰ ਦਾ ਆਉਣਾ ਉਸੇ ਤਰਾਂ **ਹੋਵੇਗਾ।**

ਇਹ ਬੁਰੀਆਂ ਸ਼ਤਾਨੀ ਆਤਮਾਵਾਂ ਅੱਜ ਵੀ ਧਰਤੀ ਉੱਤੇ ਹਨ। ਉਹ ਜਲ ਪਰਲੋ ਵਿੱਚ ਮਰੀਆਂ ਨਹੀਂ ਸਗੋਂ ਉਨ੍ਹਾਂ ਸਰੀਰਾਂ ਵਿੱਚੋਂ ਅਜ਼ਾਦ ਹੋ ਗਈਆਂ ਜਿਨ੍ਹਾਂ ਵਿੱਚ ਉਹ ਰਹਿੰਦੀਆਂ ਸਨ।

ਸਾਰੀਆਂ ਆਤਮਾਵਾਂ ਸਦੀਪਕ ਹਨ . . . ਸਦੀਪਕ ਅੱਗ ਜਾਂ ਸਦੀਪਕ ਜੀਵਨ
ਇਹ ਸ਼ਤਾਨੀ ਬੁਰੀਆਂ ਆਤਮਾਵਾਂ ਕਿਸੇ ਵਿੱਚ ਵੀ ਕਿਸੇ ਮੌਕੇ ਦੀ ਭਾਲ ਕਰਦੀਆਂ ਹਨ, ਤਾਂ ਕਿ ਸਭ ਪ੍ਰਕਾਰ ਦੀ ਹਰਾਮਕਾਰੀ ਅਤੇ ਗੰਦਮੰਦ ਨੂੰ ਵਧਾਉਣ।

## VI. ਮੁਕਤੀਦਾਤੇ ਦੀ ਆਤਮਿਕ ਅੰਸ ਨੂੰ ਭ੍ਰਿਸ਼ਟ ਕਰਨ ਦੀ ਕੋਸ਼ਿਸ਼

ਅਜ਼ਰਾ 9:1-4 ਜਦ ਏਹ ਸਭ ਕੁਝ ਹੋ ਚੁੱਕਿਆ ਤਾਂ ਸਰਦਾਰਾਂ ਨੇ ਮੇਰੇ ਕੋਲ ਆਣ ਕੇ ਆਖਿਆ ਕਿ ਇਸਰਾਏਲ ਦੀ **ਪਰਜਾ, ਜਾਜਕ** ਤੇ **ਲੇਵੀ ਦੇਸਾਂ ਦੀਆਂ ਉੱਮਤਾਂ ਤੋਂ ਅੱਡ ਨਹੀਂ ਰਹੇ ਹਨ** ਪਰ ਕਨਾਨੀਆਂ **ਹਿੱਤੀਆਂ, ਫਰਿੱਜੀਆਂ, ਯਬੂਸੀਆਂ, ਅੰਮੋਨੀਆਂ, ਮੋਆਬੀਆਂ, ਮਿਸਰੀਆਂ** ਤੇ **ਅਮੋਰੀਆਂ** ਦੇ **ਘਿਣਾਉਣੇ ਕੰਮਾਂ** ਦੇ ਅਨੁਸਾਰ ਕਰਦੇ ਹਨ। (ਕਿਉਂ?) 2 ਕਿਉਂ ਜੋ ਓਹਨਾਂ ਨੇ ਉਨ੍ਹਾਂ ਦੀਆਂ **ਧੀਆਂ ਵਿੱਚੋਂ ਆਪਣੇ ਲਈ ਤੇ ਆਪਣੇ ਪੁੱਤਰਾਂ ਲਈ ਵਿਆਹ ਲਈਆਂ ਹਨ ਅਤੇ ਪਵਿੱਤਰ ਅੰਸ** (ਸ਼ਾਬਦਿਕ) **ਦੇਸਾਂ ਦੀਆਂ ਉੱਮਤਾਂ ਵਿੱਚ ਰਲ ਮਿਲ ਗਈ ਹੈ** ਅਤੇ ਏਸ ਬੇਈਮਾਨੀ ਵਿੱਚ ਸਰਦਾਰਾਂ ਤੇ ਹਾਕਮਾਂ ਦਾ ਹੱਥ ਅੱਗੇ ਹੈ। 3 ਜਦ ਮੈਂ ਇਹ ਗੱਲ ਸੁਣੀ ਤਾਂ ਆਪਣੇ ਬਸਤ੍ਰ ਅਤੇ ਆਪਣੀ ਚਾਦਰ ਪਾੜ ਛੱਡੀ ਅਤੇ ਸਿਰ ਤੇ ਦਾਹੜੀ ਦੇ ਬਾਲ ਪੁੱਟ ਸੁੱਟੇ ਅਰ ਨਿਮੂਝਾਣਾ ਹੋ ਕੇ ਬੈਠ ਗਿਆ। 4 ਤਦ ਓਹ ਸਾਰੇ ਜਿਹੜੇ ਇਸਰਾਏਲ ਦੇ ਪਰਮੇਸ਼ੁਰ ਦੀਆਂ ਗੱਲਾਂ ਤੋਂ ਕੰਬਦੇ ਸਨ ਉਨ੍ਹਾਂ ਅਸੀਰਾਂ ਦੀ ਬੇ ਈਮਾਨੀ ਦੇ ਕਾਰਨ ਮੇਰੇ ਕੋਲ ਇਕੱਠੇ ਹੋ ਗਏ ਅਤੇ ਮੈਂ ਸੰਝ ਦੀ ਬਲੀ ਦੇ ਚੜ੍ਹਾਉਣ ਤੀਕ ਨਿਮੂਝਾਣਾ ਬੈਠਾ ਰਿਹਾ।

- **ਕਨਾਨੀ** ਅਤੇ ਬਾਕੀ **ਹੋਰ** ਸਾਰੇ ਨੂਹ ਦੇ ਪੁੱਤਰ **ਹਾਮ** ਦੇ ਘਰਾਣੇ ਵਿੱਚੋਂ ਸਨ ਜਿਸ ਨੇ ਆਪਣੇ ਪਿਤਾ ਦੇ ਨੰਗੇਜ਼ ਨੂੰ ਵੇਖਿਆ ਸੀ। ਹਾਮ **ਦੈਂਤਾਂ** ਦੀ **ਹਰਾਮਕਾਰੀ ਵਾਲੀ ਆਤਮਾ** ਦੁਆਰਾ ਪ੍ਰੇਰਿਤ ਅਤੇ ਜਕੜਿਆ ਹੋਇਆ ਸੀ। ਯਾਦ ਕਰੋ, ਹਾਮ ਜਲ ਪਰਲੋ ਤੋਂ ਪਹਿਲਾਂ ਦੈਂਤਾਂ ਅਤੇ ਡਿੱਗੇ ਹੋਏ ਸਵਰਗਦੂਤਾਂ ਨਾਲ ਸੀ।

- ਉਸ ਦੇ ਭਰਾ ਸ਼ੇਮ ਅਤੇ ਯਾਫਥ ਨੇ **ਵੇਖਣ ਤੋਂ ਇਨਕਾਰ ਕੀਤਾ।** ਉਹ **ਦੈਂਤਾਂ ਦੀ ਭ੍ਰਿਸ਼ਟ ਆਤਮਾ ਤੋਂ ਅਜ਼ਾਦ** ਸਨ।

- ਨੂਹ ਨੇ ਹਾਮ ਦੇ ਪੁੱਤਰ **ਕਨਾਨ** ਨੂੰ ਸਰਾਪ ਦਿੱਤਾ ਅਤੇ ਉਸ ਤੋਂ **ਯਬੂਸੀ**, **ਅਮੋਰੀ**, **ਗਿਰਗੇਸ਼ੀ**, **ਹਿੱਤੀ** ਅਤੇ ਹੋਰ ਨਿੱਕਲੇ (ਉਤਪਤ 9:22-25; 10:15-20)।

- **ਕਨਾਨ ਦੇ ਸਾਰੇ ਘਰਾਣੇ** ਵਿੱਚ "ਸ਼ਤਾਨ ਦਾ ਬੀਜ" ਸੀ ਅਤੇ ਉਸੇ ਘਰਾਣੇ ਦੀ ਹਰਾਮਕਾਰੀ ਸੀ। ਇਸ ਲਈ ਯਹੋਵਾਹ ਨੇ ਆਖਿਆ:

ਕੂਚ 23:20-33 22 . . . ਮੈਂ ਤੁਹਾਡੇ ਵੈਰੀਆਂ ਦਾ ਵੈਰੀ ਅਤੇ ਤੁਹਾਡੇ ਵਿਰੋਧੀਆਂ ਦਾ ਵਿਰੋਧੀ ਹੋਵਾਂਗਾ। 23 ਕਿਉਂ ਜੋ
**ਮੇਰਾ ਦੂਤ** ਤੁਹਾਡੇ ਅੱਗੇ ਚੱਲੇਗਾ ਅਤੇ ਤੁਹਾਨੂੰ **ਅਮੋਰੀਆਂ**, **ਹਿੱਤੀਆਂ**, **ਫਰਿੱਜੀਆਂ**, **ਕਨਾਨੀਆਂ**, **ਹਿੱਵੀਆਂ** ਅਤੇ **ਯਬੂਸੀਆਂ**
ਵਿੱਚ ਲਿਆਵੇਗਾ ਅਤੇ **ਮੈਂ ਉਨ੍ਹਾਂ ਦਾ ਨਾਸ ਕਰਾਂਗਾ।** 24 ਤੁਸੀਂ ਉਨ੍ਹਾਂ ਦੇ ਦੇਵਤਿਆਂ ਦੇ ਅੱਗੇ ਮੱਥਾ ਨਾ ਟੇਕੋ ਨਾ ਉਨ੍ਹਾਂ ਦੀ
ਉਪਾਸਨਾ ਕਰੋ ਨਾ ਤੁਸੀਂ **ਉਨ੍ਹਾਂ ਦੇ ਕੰਮਾਂ** ਵਾਂਙੁ ਕੰਮ ਕਰੋ ਸਗੋਂ **ਉਨ੍ਹਾਂ ਨੂੰ ਜਰੂਰ ਢਾਓ** ਅਤੇ ਉਨ੍ਹਾਂ ਦੇ ਥੰਮ੍ਹ ਨੂੰ ਉੱਕਾ ਹੀ ਚਿਕਨਾ ਚੂਰ ਕਰੋ।

- ਸਾਨੂੰ ਹੁਣ ਸਮਝਣਾ ਚਾਹੀਦਾ ਹੈ ਕਿ ਯਹੋਵਾਹ ਨੇ ਕਿਉਂ ਆਖਿਆ ਉਨ੍ਹਾਂ ਨੂੰ ਜਰੂਰ ਢਾਓ।

- ਯਸਾਯਾਹ 34:5 ਮੇਰੀ ਤਲਵਾਰ ਤਾਂ ਅਕਾਸ਼ ਵਿੱਚ ਪੀ ਕੇ ਰੱਜ ਗਈ ਹੈ, ਵੇਖੋ, ਉਹ ਅਦੋਮ ਉੱਤੇ ਅਤੇ ਮੇਰੀ **ਫਿੱਟੀ ਹੋਈ** ਕੌਮ ਉੱਤੇ ਨਿਆਉਂ ਲਈ ਜਾ ਪਵੇਗੀ। ਇੱਕੋ ਢੰਗ ਜਿਸ ਨਾਲ ਅਸੀਂ ਇਹ ਸਮਝ ਸਕਦੇ ਹਾਂ ਉਹ ਹੈ . . .

- ਯਹੋਵਾਹ **"ਔਰਤ ਦੇ ਬੀਜ"** ਨੂੰ ਬਣਾਈ ਰੱਖਣ ਅਤੇ ਉਸ ਦੀ ਅੰਸ ਵਿੱਚ ਭ੍ਰਿਸ਼ਟਤਾ ਆਉਣ ਤੋਂ ਰੋਕਣ ਲਈ ਜੋ ਕੁਝ ਵੀ ਜ਼ਰੂਰੀ ਹੈ, ਉਹ ਸਭ ਕਰੇਗਾ। ਭਾਵੇਂ ਉਹ "ਸੱਪ ਦੇ ਬੀਜ", ਜੋ ਦੁਸ਼ਮਣ ਹੈ, ਨੂੰ ਨਾਸ ਕਰਨਾ ਹੀ ਹੋਵੇ।

ਉਤਾਂਹ ਦਿੱਤੇ ਗਏ ਦੀ ਇੱਕ ਸਪੱਸ਼ਟ ਉਦਾਹਰਣ ਹੈ: 1 ਸਮੂਏਲ 15:1-3 ਸਮੂਏਲ ਨੇ ਸ਼ਾਊਲ ਨੂੰ ਆਖਿਆ, ਮੈਨੂੰ ਯਹੋਵਾਹ ਨੇ ਘੱਲਿਆ ਹੈ ਭਈ ਮੈਂ ਤੈਨੂੰ ਮਸਹ ਕਰਾਂ ਏਸ ਕਰਕੇ ਜੋ ਤੂੰ ਉਹ ਦੀ ਪਰਜਾ ਇਸਰਾਏਲ ਦਾ ਪਾਤਸ਼ਾਹ ਬਣੇਂ ਸੋ ਹੁਣ ਯਹੋਵਾਹ ਦਾ ਬਚਨ ਸੁਣ। ਸੈਨਾਂ ਦਾ ਯਹੋਵਾਹ ਐਉਂ ਆਖਦਾ ਹੈ, ਮੈਨੂੰ ਚੇਤਾ ਹੈ **ਜੋ ਕੁਝ ਅਮਾਲੇਕ ਨੇ ਇਸਰਾਏਲ ਨਾਲ ਕੀਤਾ** ਜਿਸ ਵੇਲੇ ਓਹ ਮਿਸਰੋਂ ਨਿੱਕਲ ਆਏ ਤਾਂ ਓਹ ਕਿੱਕੁਰ ਓਹਨਾਂ ਦੇ ਰਾਹ ਵਿੱਚ ਵਿਰੋਧੀ ਬਣ ਕੇ ਆਇਆ। ਸੋ ਹੁਣ ਤੂੰ ਜਾਹ ਅਤੇ **ਅਮਾਲੇਕ** ਨੂੰ ਮਾਰ ਅਤੇ **ਸਭ ਕੁਝ ਜੋ ਉਨ੍ਹਾਂ ਦਾ ਹੈ ਮੂਲੋਂ ਨਾਸ ਕਰ ਅਰ ਉਨ੍ਹਾਂ ਉੱਤੇ ਤਰਸ ਨਾ ਖਾ ਸਗੋਂ ਪੁਰਸ਼ ਅਤੇ ਇਸਤਰੀ, ਕੁੱਛੜਲੇ ਬਾਲ ਅਤੇ ਦੁੱਧ ਚੁੰਘਦੇ ਵੀ ਅਤੇ ਬਲਦ ਭੇਡ ਅਤੇ ਊਠ ਖੋਤੇ ਤੋੜੀ ਸਭਨਾਂ ਨੂੰ ਵੱਢ ਸੁੱਟ। ਕਿਉਂ?**

- ਅਮਾਲੇਕ ਦਾ ਘਰਾਣਾ "ਸ਼ਤਾਨ ਦਾ ਬੀਜ ਸੀ"। ਤਿਮਨਾ **ਏਸਾਓ ਦੇ ਪੁੱਤਰ** ਅਲੀਫ਼ਾਜ਼ ਦੀ ਸੁਰੇਤ ਸੀ ਅਰ ਉਸ ਨੇ ਅਲੀਫ਼ਾਜ਼ ਲਈ **ਅਮਾਲੇਕ** ਨੂੰ ਜਣਿਆ, ਏਹ ਏਸਾਓ ਦੀ ਪਤਨੀ ਆਦਾਹ ਦੇ ਪੁੱਤਰ ਸਨ। ਉਤਪਤ 36:12

  ਅਤੇ ਜਿਵੇਂ ਮਲਾਕੀ 1:3 ਅਤੇ ਰੋਮੀਆਂ 9:13 ਵਿੱਚ ਵਰਣਨ ਕੀਤਾ ਗਿਆ ਹੈ। ਜਿਵੇਂ ਲਿਖਿਆ ਹੋਇਆ ਹੈ ਜੋ ਮੈਂ ਯਾਕੂਬ ਨਾਲ ਪ੍ਰੇਮ ਪਰ **ਏਸਾਉ ਨਾਲ ਵੈਰ ਕੀਤਾ। ਕਿਉਂ?** ਪਰਮੇਸ਼ੁਰ ਜਾਣਦਾ ਸੀ ਕਿ ਉਹ ਦੁਸ਼ਟ "**ਤੋਂ**" ਹੈ। ਇਹ **ਯੂਹੰਨਾ** 1:12 ਦੀ ਇੱਕ ਉਦਾਹਰਣ ਹੈ ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤਰ **ਹੋਣ** ਦਾ ਹੱਕ ਦਿੱਤਾ (ਕਿੰਨ੍ਹਾਂ ਨੇ ਉਸ ਨੂੰ ਕਬੂਲ ਕੀਤਾ?) ਅਰਥਾਤ ਜਿੰਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ।(ਕੌਣ? ਉਸ ਦੇ ਨਾਮ ਉੱਤੇ ਵਿਸ਼ਵਾਸ ਕੀਤਾ? ਉਹ . . .) 13 **ਓਹ** (1) **ਨਾ** ਲਹੂ ਤੋਂ, (2) **ਨਾ ਸਰੀਰ ਦੀ ਇੱਛਿਆ ਤੋਂ**, (3) **ਨਾ ਪੁਰਖ ਦੀ ਇੱਛਿਆ** ਤੋਂ, (4) **ਪਰ ਪਰਮੇਸ਼ਰ ਤੋਂ ਪੈਦਾ ਹੋਏ।** ("ਉਤਾਂਹ ਤੋਂ ਜਨਮੇ" ਨੋਟਸ ਵੇਖੋ www.treasurehisword.com ਸਫ਼ਾ 3 )

  - ਅਨੁਵਾਦ ਦੇ ਇਕਸਾਰ ਨਿਯਮਾਂ ਅਨੁਸਾਰ, ਜੇਕਰ 1, 2, ਅਤੇ 3 ਕੁਦਰਤੀ ਜਨਮ ਦੀ ਗੱਲ ਕਰਦਾ ਹੈ ਤਾਂ #4 ਵੀ ਕੁਦਰਤੀ ਜਨਮ ਦੀ ਗੱਲ ਕਰਦਾ ਹੈ।

- **ਏਸਾਓ ਸਰੀਰ ਦੀ ਇੱਛਿਆ** ਅਤੇ ਪੁਰਖ ਦੀ ਇੱਛਿਆ ਤੋਂ ਪੈਦਾ ਹੋਇਆ ਸੀ, **ਨਾ ਕਿ ਪਰਮੇਸ਼ੁਰ ਤੋਂ।** ਫਿਰ ਤੋਂ, ਇਹ ਸਪੱਸ਼ਟ ਹੈ ਕਿ ਧਰਤੀ ਉੱਤੇ ਲੋਕਾਂ ਦੇ ਦੋ ਸ੍ਰੋਤ ਜਾਂ ਦੋ ਘਰਾਣੇ ਹਨ।

- ਯਾਕੂਬ ਅਤੇ ਏਸਾਓ ਇਸਹਾਕ ਅਤੇ ਰਿਬਕਾਹ ਦੇ ਜੁੜਵਾ ਪੁੱਤਰ ਸਨ: ਉਤਪਤ 25:23-24 ਤਾਂ ਯਹੋਵਾਹ ਉਹ ਨੂੰ ਆਖਿਆ, ਤੇਰੀ ਕੁੱਖ ਵਿੱਚ **ਦੋ ਕੌਮਾਂ** (ਦੋ ਵੱਖ-ਵੱਖ ਲੋਕ ਸਮੂਹ) ਹਨ ਅਰ ਤੇਰੀ ਕੁੱਖੋਂ ਹੀ ਉਹ **ਦੋਵੇਂ ਜਾਤੀਆਂ** (ਦੋ ਵੱਖ-ਵੱਖ ਘਰਾਣੇ) ਵੱਖਰੀਆਂ ਹੋ ਜਾਣਗੀਆਂ ਅਰ ਇੱਕ ਜਾਤੀ ਦੂਜੀ ਜਾਤੀ ਨਾਲੋਂ ਬਲਵੰਤ ਹੋਵੇਗੀ ਅਤੇ ਵੱਡਾ ਛੋਟੇ ਦੀ ਟਹਿਲ ਕਰੇਗਾ। ਜਦ ਉਸ ਦੇ ਜਣਨ ਦੇ ਦਿਨ ਪੂਰੇ ਹੋਏ ਤਾਂ ਵੇਖੋ ਉਸ ਦੀ ਕੁੱਖ ਵਿੱਚ ਜੌੜੇ ਸਨ।

  - **ਦੋ ਜਾਤੀਆਂ**: **ਯਾਕੂਬ ਪਰਮੇਸ਼ੁਰ ਤੋਂ ਪੈਦਾ ਹੋਇਆ** ਸੀ।
  - **ਏਸਾਓ ਸਰੀਰ ਦੀ ਇੱਛਿਆ** ਅਤੇ **ਪੁਰਖ ਦੀ ਇੱਛਿਆ** ਤੋਂ ਪੈਦਾ ਹੋਇਆ ਸੀ

ਹੋਰ ਉਦਾਹਰਣਾਂ:
**ਉਤਪਤ** 16:3-4 ਜਦੋਂ ਅਬਰਾਮ ਨੂੰ ਕਨਾਨ ਦੇਸ ਵਿੱਚ ਵੱਸਦਿਆਂ ਦਸ ਵਰ੍ਹੇ ਹੋ ਗਏ ਤਾਂ **ਸਾਰਈ** ਅਬਰਾਮ ਦੀ ਪਤਨੀ ਨੇ ਆਪਣੀ **ਮਿਸਰੀ** ਗੋੱਲੀ ਹਾਜਰਾ ਨੂੰ **ਲੈਕੇ ਆਪਣੇ ਪਤੀ ਅਬਰਾਮ ਨੂੰ ਉਹ ਦੀ ਪਤਨੀ ਬਣਨ ਲਈ ਦਿੱਤਾ।** 4 ਉਹ ਹਾਜਰਾ ਕੋਲ ਗਿਆ ਅਤੇ **ਉਹ ਗਰਭਣੀ ਹੋਈ** . . . 11 ਨਾਲੇ ਹੀ ਯਹੋਵਾਹ ਦੇ ਦੂਤ ਨੇ ਉਹ ਨੂੰ ਆਖਿਆ ਵੇਖ ਤੂੰ ਗਰਭਣੀ ਹੈਂ ਅਰ ਪੁੱਤਰ ਜਣੇਂਗੀ। **ਉਹ ਦਾ ਨਾਉਂ ਇਸਮਾਏਲ ਰੱਖੀਂ** ਕਿਉਂਜੋ ਯਹੋਵਾਹ ਨੇ ਤੇਰੇ ਦੁੱਖ ਨੂੰ ਸੁਣਿਆ ਹੈ।(ਯਹੋਵਾਹ ਦੀ ਦਯਾ) 12 ਪਰ **ਉਹ ਜੰਗਲੀ ਖੋਤੇ ਜਿਹਾ** ਆਦਮੀ ਹੋਵੇਗਾ। **ਉਹ ਦਾ ਹੱਥ ਹਰ ਇੱਕ ਦੇ ਵਿਰੁੱਧ** ਅਤੇ ਹਰ ਇੱਕ ਦਾ ਹੱਥ ਉਸ ਦੇ ਵਿਰੁੱਧ ਹੋਵੇਗਾ ਅਤੇ ਉਹ ਆਪਣੇ ਸਾਰੇ ਭਰਾਵਾਂ ਦੇ ਸਾਹਮਣੇ ਵੱਸੇਗਾ।

- **ਇਸਮਾਏਲ ਸਰੀਰ ਦੀ ਇੱਛਿਆ ਤੋਂ** ਅਤੇ **ਪੁਰਖ ਦੀ ਇੱਛਿਆ ਤੋਂ** ਪੈਦਾ ਹੋਇਆ ਸੀ, **ਨਾ ਕਿ ਪਰਮੇਸ਼ੁਰ ਤੋਂ**।ਫਿਰ ਤੋਂ, ਇਹ ਸਪੱਸ਼ਟ ਹੈ ਕਿ ਧਰਤੀ ਉੱਤੇ ਲੋਕਾਂ ਦੇ ਦੋ ਸ੍ਰੋਤ ਜਾਂ ਦੋ ਘਰਾਣੇ ਹਨ।

- **ਇਸਹਾਕ ਪਰਮੇਸ਼ੁਰ ਤੋਂ ਪੈਦਾ ਹੋਇਆ** ਸੀ।

- ਗਲਾਤੀਆਂ 4:22-29 ਕਿਉਂ ਜੋ ਇਹ ਲਿਖਿਆ ਹੋਇਆ ਹੈ ਜੋ ਅਬਰਾਹਾਮ ਦੇ **ਦੋ ਪੁੱਤਰ** ਹੋਏ, ਇੱਕ ਗੋੱਲੀ ਤੋਂ ਦੂਜਾ ਅਜ਼ਾਦ ਤੋਂ। 23 ਪਰ **ਜਿਹੜਾ ਗੋੱਲੀ ਤੋਂ ਹੋਇਆ ਉਹ ਸਰੀਰ ਦੇ ਅਨੁਸਾਰ ਜੰਮਿਆ** ਪਰੰਤੂ **ਜਿਹੜਾ ਅਜ਼ਾਦ ਤੋਂ ਹੋਇਆ ਉਹ ਬਚਨ ਦੇ ਕਾਰਨ ਜੰਮਿਆ।** 24 ਏਹ ਦ੍ਰਿਸ਼ਟਾਂਤ ਦੀਆਂ ਗੱਲਾਂ ਹਨ। ਅਰਥ ਇਹ ਜੋ ਏਹ ਇਸਤਰੀਆਂ **ਦੋ ਨੇਮ** ਹਨ, ਇੱਕ ਤਾਂ ਸੀਨਾ ਪਹਾੜੋਂ ਹੈ ਜੋ ਗੁਲਾਮੀ ਲਈ ਜਣਦੀ ਹੈ। ਇਹ **ਹਾਜਰਾ** ਹੈ . . . 26 ਪਰ ਯਰੂਸ਼ਲਮ ਜੋ ਉਤਾਹਾਂ ਹੈ ਉਹ ਅਜ਼ਾਦ ਹੈ, **ਉਹ ਸਾਡੀ ਮਾਤਾ ਹੈ** . . . 28 ਪਰ ਹੇ ਭਰਾਵੋ, **ਅਸੀਂ ਇਸਹਾਕ ਵਾਂਙੁ ਬਚਨ ਦੀ ਸੰਤਾਨ ਹਾਂ।** 29 ਪਰ ਜਿਵੇਂ ਉਸ ਸਮੇਂ **ਉਹ ਜਿਹੜਾ ਸਰੀਰ ਦੇ ਅਨੁਸਾਰ ਜੰਮਿਆ** (ਏਸਾਓ) ਉਹ ਨੂੰ ਸਤਾਉਂਦਾ ਸੀ **ਜਿਹੜਾ ਆਤਮਾ ਦੇ ਅਨੁਸਾਰ ਜੰਮਿਆ ਸੀ** (ਯਾਕੂਬ) **ਤਿਵੇਂ ਹੁਣ ਵੀ ਹੁੰਦਾ ਹੈ।**

- 1 ਯੂਹੰਨਾ 3:8-10 ਜਿਹੜਾ ਪਾਪ ਕਰਦਾ ਹੈ ਉਹ ਸ਼ਤਾਨ ਤੋਂ ਹੈ . . . ਕੋਈ ਜਿਹੜਾ **ਪਰਮੇਸ਼ੁਰ ਤੋਂ ਜੰਮਿਆ** ਹੈ ਪਾਪ ਨਹੀਂ ਕਰਦਾ ਕਿਉਂ ਜੋ **ਉਹ ਦਾ ਬੀ** ਓਸ ਵਿੱਚ ਰਹਿੰਦਾ ਹੈ ਅਤੇ ਉਹ ਪਾਪ ਨਹੀਂ ਕਰ ਸੱਕਦਾ (ਕਿਉਂਕਿ ਕਿਸੇ ਸਮੇਂ ਉਹ ਵਿਸ਼ਵਾਸ ਕਰੇਗਾ) ਇਸ ਲਈ ਜੋ ਉਹ **ਪਰਮੇਸ਼ੁਰ ਤੋਂ ਜੰਮਿਆ** ਹੋਇਆ ਹੈ। (10) ਇਸ ਤੋਂ **ਪਰਮੇਸ਼ੁਰ ਦੇ ਬਾਲਕ** ਅਤੇ **ਸ਼ਤਾਨ ਦੇ ਬਾਲਕ** ਪਰਗਟ ਹੁੰਦੇ ਹਨ। ਹਰ ਕੋਈ ਜਿਹੜਾ ਧਰਮ ਨਹੀਂ ਕਰਦਾ ਪਰਮੇਸ਼ੁਰ ਤੋਂ ਨਹੀਂ ਅਤੇ ਨਾ ਉਹ ਜਿਹੜਾ ਆਪਣੇ ਭਰਾ ਨਾਲ ਪ੍ਰੇਮ ਨਹੀਂ ਰੱਖਦਾ ਹੈ।

ਇਹ ਸਭ “ਬੀਜ” ਦੀ ਕੁੱਲਪੱਤ੍ਰੀ ਬਾਰੇ ਹੈ। ਇਹ ਬਾਈਬਲ ਵਿੱਚ ਬਹੁਤ ਸਾਰੀਆਂ ਕੁੱਲਪੱਤ੍ਰੀਆਂ ਵਿੱਚ ਵੇਖਿਆ ਜਾਂਦਾ ਹੈ: ਉਤਪਤ 9 ਅਤੇ 10 ਅਤੇ ਮੱਤੀ 1:1-17 ਅਤੇ ਲੂਕਾ 3:23-38 ਨਾਲ ਸਮਾਪਤ ਹੁੰਦਾ ਹੈ

## VII. ਲੋਕਾਂ ਦੇ ਦੋ ਸਮੂਹਾਂ ਵਿਚਕਾਰ ਜੰਗ ਅੱਜ ਵੀ ਜਾਰੀ ਹੈ

ਅਫ਼ਸੀਆਂ 6:10-13 ਮੁਕਦੀ ਗੱਲ, ਪ੍ਰਭੂ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ! 11 ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ ਧਾਰੋ ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸੱਕੋ। 12 ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ (ਉਹ ਕੇਵਲ ਪਰਮੇਸ਼ੁਰ ਦੀ ਜ਼ਿੰਮੇਵਾਰੀ ਹੈ) ਸਗੋਂ (ਸਾਡੀ ਲੜਾਈ ਹੈ) ਹਕੂਮਤਾਂ, ਇਖਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ। 13 ਇਸ ਕਾਰਨ ਤੁਸੀਂ ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ ਸਾਹਮਣਾ ਕਰ ਸੱਕੋ ਅਤੇ ਸੱਭੋ ਕੁਝ ਮੁਕਾ ਕੇ ਖਲੋ ਸੱਕੋ . . . 14 ਸੋ ਤੁਸੀਂ . . . .    ਕਿਉਂਕਿ ਯਿਸੂ ਨੇ ਕਿਹਾ:

ਜਿਸ ਤਰਾਂ **ਨੂਹ ਦੇ ਦਿਨ** ਸਨ ਮਨੁੱਖ ਦੇ ਪੁੱਤਰ ਦਾ ਆਉਣਾ ਉਸੇ ਤਰਾਂ **ਹੋਵੇਗਾ।**

## VIII. ਇਸੇ ਗੱਲ ਨੂੰ ਹੋਰ ਸਪੱਸ਼ਟ ਕਰਨ ਵਾਲੀਆਂ ਆਇਤਾਂ

ਬਿਵਸਥਾਸਾਰ 10:15 ਕੇਵਲ **ਤੁਹਾਡੇ ਪਿਉ ਦਾਦਿਆਂ** ਨਾਲ ਪਰਸੰਨ ਹੋ ਕੇ ਯਹੋਵਾਹ ਪ੍ਰੇਮ ਕਰਦਾ ਸੀ ਅਤੇ **ਉਨ੍ਹਾਂ ਦੇ ਪਿੱਛੋਂ ਉਨ੍ਹਾਂ ਦੀ ਅੰਸ** (ਸ਼ਾਬਦਿਕ: ਬੀਜ) **ਨੂੰ** ਸਾਰੇ ਲੋਕਾਂ ਵਿੱਚੋਂ **ਚੁਣਿਆ** ਜਿਵੇਂ ਅੱਜ ਦੇ ਦਿਨ ਹੈ।

ਯਸਾਯਾਹ 53:10 ਪਰ ਯਹੋਵਾਹ ਨੂੰ ਭਾਇਆ ਕਿ ਉਸ ਨੂੰ ਕੁਚਲੇ ਅਤੇ ਸੋਗ ਵਿੱਚ ਪਾਵੇ। ਜਦ ਤੂੰ ਉਸ ਦੀ ਜਾਨ ਨੂੰ ਦੋਸ਼ ਦੀ ਬਲੀ ਠਹਿਰਾਵੇਂ, ਤਾਂ **ਉਹ ਆਪਣੀ ਅੰਸ ਨੂੰ ਵੇਖੇਗਾ** (ਸ਼ਾਬਦਿਕ)।

ਰੋਮੀਆਂ 4:13 ਕਿਉਂ ਜੋ ਉਹ **ਬਚਨ** ਭਈ ਤੂੰ **ਜਗਤ ਦਾ ਅਧਿਕਾਰੀ** ਹੋਵੇਂਗਾ ਅਬਰਾਹਾਮ ਅਥਵਾ **ਉਹ ਦੀ ਅੰਸ** (**ਉਸ ਦਾ ਬੀਜ** ਸ਼ਾਬਦਿਕ) ਨਾਲ ਸ਼ਰਾ ਦੇ ਰਾਹੀਂ ਨਹੀਂ ਸੀ ਹੋਇਆ ਸਗੋਂ **ਓਸ ਧਰਮ ਦੇ ਰਾਹੀਂ ਜਿਹੜਾ ਨਿਹਚਾ ਤੋਂ ਹੁੰਦਾ ਹੈ।**

ਆਇਤ 16 ਇਸ ਕਾਰਨ ਉਹ **ਨਿਹਚਾ ਤੋਂ** ਹੋਇਆ ਭਈ **ਕਿਰਪਾ** ਦੇ ਅਨੁਸਾਰ ਠਹਿਰੇ ਇਸ ਲਈ ਜੋ **ਕਰਾਰ ਸਾਰੀ ਅੰਸ ਦੇ ਲਈ ਪੱਕਾ ਰਹੇ,** (ਬੀਜ) ਨਿਰਾ ਉਸ ਅੰਸ ਦੇ ਲਈ ਨਹੀਂ ਜਿਹੜੀ ਸ਼ਰਾ ਵਾਲੀ ਹੈ ਪਰੰਤੂ **ਉਹ ਦੇ ਲਈ ਭੀ ਜਿਹੜੀ ਅਬਰਾਹਾਮ ਜੇਹੀ ਨਿਹਚਾ ਰੱਖਦੀ ਹੈ,** ਉਹ **ਅਸਾਂ ਸਭਨਾਂ ਦਾ ਪਿਤਾ ਹੈ।**

- ਉਹ **ਨਿਹਚਾ ਤੋਂ** ਹੋਇਆ ਭਈ **ਕਿਰਪਾ** -> ਸ਼ਾਬਦਿਕ ਯੂਨਾਨੀ ਪੜ੍ਹਣਾ। ਕਿਰਪਾ ਇੱਕ ਮੁਫ਼ਤ ਦਾਤ ਹੈ। ਤਦ ਇਹ ਇਸ ਤਰ੍ਹਾਂ ਪੜ੍ਹਿਆ ਜਾਂਦਾ ਹੈ ਕਿ **ਵਿਸ਼ਵਾਸ ਕਿਰਪਾ ਦੁਆਰਾ ਮੁਫ਼ਤ ਦਾਤ ਹੈ।**

ਗਲਾਤੀਆਂ 3:23-27 ਪਰ **ਨਿਹਚਾ ਦੇ ਆਉਣ** ਤੋਂ ਪਹਿਲਾਂ **ਅਸੀਂ** ਉਸ **ਨਿਹਚਾ** ਦੇ ਲਈ **ਜਿਹੜੀ ਪਰਗਟ ਹੋਣੀ ਸੀ** ਸ਼ਰਾ ਦੇ ਪਹਿਰੇ ਹੇਠ ਬੱਧੇ ਹੋਏ (ਪੱਕਾ ਹੈ) ਰਹਿੰਦੇ ਸਾਂ। 24 ਸੋ ਸ਼ਰਾ ਮਸੀਹ ਦੇ ਆਉਣ ਤੀਕੁਰ ਸਾਡੇ ਲਈ ਨਿਗਾਹਬਾਨ ਬਣੀ ਭਈ **ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਜਾਈਏ।** 25 ਪਰ ਹੁਣ **ਨਿਹਚਾ ਜੋ ਆਈ ਅਸੀਂ** ਅਗਾਹਾਂ ਨੂੰ ਨਿਗਾਹਬਾਨ ਦੇ ਮਤਹਿਤ ਨਹੀਂ ਹਾਂ। **ਬੱਚਿਆਂ ਵਾਂਗ।**

- ਇਹ ਘੋਸ਼ਣਾ ਕਰਦਾ ਹੈ ਕਿ ਅਸੀਂ **ਨਿਹਚਾ ਦੇ ਆਉਣ** ਤੋਂ ਪਹਿਲਾਂ **ਉਸ ਦੀ ਸੰਤਾਨ ਸੀ** ਅਤੇ **ਅਸੀਂ** ਸ਼ਰਾ ਦੇ ਪਹਿਰੇ ਹੇਠ ਬੱਧੇ ਹੋਏ ਰਹਿੰਦੇ ਸਾਂ ਜਦੋਂ ਅਸੀਂ ਵਿਸ਼ਵਾਸ ਨਹੀਂ ਕੀਤਾ ਸੀ।

- ਜੇਕਰ **ਨਿਹਚਾ ਆਉਂਦੀ** ਹੈ ਤਾਂ ਇਹ ਸਾਡੇ ਤੋਂ ਸ਼ੁਰੂ ਨਹੀਂ ਹੁੰਦੀ। ਇਹ ਕਿਰਪਾ ਦੁਆਰਾ ਇੱਕ ਦਾਤ ਹੈ।

- 1 ਪਤਰਸ 1:1-3 ਵੀ ਵੇਖੋ ਪਤਰਸ . . . ਅੱਗੇ ਜੋਗ ਉਨ੍ਹਾਂ **ਪਰਦੇਸੀਆਂ** (ਵਿਦੇਸ਼ੀ, ਨਾਗਰਿਕ ਨਹੀਂ) ਨੂੰ . . . ਜਿਹੜੇ ਪਿਤਾ ਪਰਮੇਸ਼ੁਰ ਦੇ ਅਗੇਤ੍ਰੇ ਗਿਆਨ ਦੇ ਅਨੁਸਾਰ ਆਤਮਾ ਤੋਂ ਪਵਿੱਤਰ ਹੋਣ ਨਾਲ **ਚੁਣੇ ਹੋਏ** ਹਨ . . . ਪਿਤਾ ਜਿਹ ਨੇ ਆਪਣੀ ਅੱਤ ਦਯਾ ਦੇ ਅਨੁਸਾਰ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ **ਸਾਨੂੰ** ਜੀਉਂਦੀ ਆਸ ਲਈ **ਨਵੇਂ ਸਿਰਿਓਂ ਜਨਮ ਦਿੱਤਾ।**21 ਜਿਹੜੇ **ਉਹ ਦੇ ਰਾਹੀਂ** ਪਰਮੇਸ਼ਰ ਉੱਤੇ **ਨਿਹਚਾ ਰੱਖਦੇ ਹੋ** 23 **ਕਿਉਂ ਜੋ ਤੁਸੀਂ** ਨਾਸਵਾਨ (ਮਨੁੱਖੀ, ਸੰਸਾਰਿਕ) **ਤੁਖਮ** ਤੋਂ ਨਹੀਂ ਸਗੋਂ **ਅਵਨਾਸੀ** (ਸਵਰਗੀ) ਤੋਂ **ਪਰਮੇਸ਼ਰ ਦੇ ਬਚਨ** ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ **ਨਵੇਂ ਸਿਰਿਓਂ ਜਨਮੇ ਹੋ।** ਪਰ ਪ੍ਰਭੂ ਦਾ ਬਚਨ ਸਦਾ ਤੀਕ

ਕਾਇਮ ਰਹਿੰਦਾ ਹੈ।

- 2 ਪਤਰਸ 1:1 ਵਿੱਚ ਲਿਖਿਆ ਹੈ . . . ਅੱਗੇ ਜੋਗ ਉਨ੍ਹਾਂ ਨੂੰ ਜਿਹੜੇ ਸਾਡੇ ਪਰਮੇਸ਼ੁਰ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ ਧਰਮ ਦੇ ਰਾਹੀਂ ਸਾਡੇ ਸਮਾਨ ਅਮੋਲਕ **ਨਿਹਚਾ ਨੂੰ ਪਰਾਪਤ ਹੋਏ ਹਨ।**

ਗਲਾਤੀਆਂ 3:26 ਕਿਉਂ ਜੋ **ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ** ਤੁਸੀਂ ਸੱਭੇ **ਪਰਮੇਸ਼ੁਰ ਦੇ ਪੁੱਤਰ ਹੋ।**

- **ਅਸੀਂ** ਕੁਦਰਤੀ ਜਨਮ ਲੈਣ ਤੋਂ ਪਹਿਲਾਂ ਹੀ **ਉਸ ਦੇ ਬੱਚੇ ਸੀ, ਅਤੇ** ਉਸ ਸਮੇਂ ਤੱਕ ਜਦੋਂ **"ਨਿਹਚਾ ਆਈ"** ਅਤੇ ਅਸੀਂ "ਉਸ ਨਿਹਚਾ ਨੂੰ **ਪ੍ਰਾਪਤ ਕੀਤਾ** ਅਤੇ **ਵਿਸ਼ਵਾਸ ਕੀਤਾ**"। ਤਦ ਉਸ ਸਮੇਂ ਅਸੀਂ **ਪਰਮੇਸ਼ੁਰ ਦੇ ਪੁੱਤਰ** ਬਣ ਗਏ, ਅੱਗੇ ਤੋਂ ਬੱਚੇ ਨਹੀਂ ਕਿਉਂਕਿ ਪਵਿੱਤਰ ਆਤਮਾ ਸਾਡੇ **"ਵਿੱਚ"** ਸੀ ਤਾਂ ਕਿ ਸਾਨੂੰ ਸਿਖਾਵੇ ਅਤੇ ਸਮਝ ਦੇਵੇ।

ਗਲਾਤੀਆਂ 3 ਅਤੇ **ਜੇ** ਤੁਸੀਂ ਮਸੀਹ **ਦੇ** ਹੋ (ਕਈ ਨਹੀਂ ਹਨ। ਪਰ ਅਸੀਂ ਉਸ ਦੇ ਹਾਂ ਜਦੋਂ ਤੋਂ ਅਸੀਂ ਜੰਮੇ ਹਾਂ ਕਿਉਂਕਿ ਅਸੀਂ ਜਗਤ ਦੀ ਨੀਂਹ ਰੱਖਣ ਤੋਂ **ਪਹਿਲਾਂ** ਚੁਣੇ ਗਏ ਸੀ) ਤਾਂ ਅਬਰਾਹਾਮ ਦੀ ਅੰਸ (ਬੀਜ) ਅਤੇ **ਬਚਨ** ਦੇ ਅਨੁਸਾਰ ਅਧਕਾਰੀ ਹੋ।(ਕਿ ਉਹ ਬਹੁਤੀਆਂ ਕੌਮਾਂ ਦਾ ਪਿਤਾ ਹੋਵੇਗਾ) ਗਲਾਤੀਆਂ 4:1-5 ਹੁਣ ਮੈਂ ਆਖਦਾ ਹਾਂ ਭਈ ਅਧਕਾਰੀ ਜਿੰਨਾ ਚਿਰ ਬਾਲਕ (ਪਰਮੇਸ਼ੁਰ ਦਾ) ਹੈ ਉਸ ਵਿੱਚ ਅਤੇ ਗੁਲਾਮ ਵਿੱਚ ਕੁਝ ਭਿੰਨ ਭੇਤ ਨਹੀਂ ਭਾਵੇਂ **ਉਹ ਸਭ ਦਾ ਮਾਲਕ ਹੈ।** 2 ਪਰ **ਉਸ ਮਿਆਦ ਤੀਕ ਜੋ ਪਿਤਾ ਨੇ ਪਹਿਲਾਂ ਠਹਿਰਾਈ ਹੈ** ਸਰਬਰਾਹਾਂ ਅਤੇ ਮੁਖਤਿਆਰਾਂ (ਸ਼ਰਾ) ਦੇ ਮਤਹਿਤ ਹੈ। 3 ਤਿਵੇਂ ਅਸੀਂ ਵੀ ਜਦ **ਬਾਲਕ ਸਾਂ** (ਸਾਡੇ ਨਵੇਂ ਸਿਰਿਓਂ ਜਨਮ ਲੈਣ ਤੋਂ ਪਹਿਲਾਂ) ਤਦ ਸੰਸਾਰੀ ਮੂਲ ਗੱਲਾਂ ਦੇ ਬੰਧਨ ਵਿੱਚ ਸਾਂ। 4 ਪਰ ਜਾਂ ਸਮਾ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਘੱਲਿਆ ਜਿਹੜਾ ਇਸਤਰੀ ਤੋਂ ਜੰਮਿਆ ਅਤੇ ਸ਼ਰਾ ਦੇ ਮਤਹਿਤ ਜੰਮਿਆ। 5 **ਇਸ ਲਈ ਜੋ** ਮੁੱਲ ਦੇ ਕੇ **ਓਹਨਾਂ** ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ ਛੁਡਾਵੇ ਭਈ **ਲੇਪਾਲਕ ਪੁੱਤਰ ਹੋਣ ਦੀ ਪਦਵੀ ਸਾਨੂੰ ਪਰਾਪਤ ਹੋਵੇ।**

- ਜਿਸ ਯੂਨਾਨੀ ਸ਼ਬਦ ਦਾ ਸ਼ਾਬਦਿਕ ਅਨੁਵਾਦ "**ਲੇਪਾਲਕ**" ਕੀਤਾ ਗਿਆ ਹੈ ਉਸ ਦਾ ਅਰਥ ਹੈ "**ਬਾਲਗ ਪੁੱਤਰ ਦਾ ਸਥਾਨ**" ਜਿਵੇਂ ਕਿ ਯਹੂਦੀ ਬਾਰ ਮਿਤਜ਼ਵਾਹ ਵਿੱਚ ਜਦੋਂ ਇੱਕ ਪੁੱਤਰ 14 ਸਾਲ ਦਾ ਹੋ ਜਾਂਦਾ ਹੈ ਤਾਂ ਉਸ ਨੂੰ ਪਰਿਪੱਕ ਮੰਨਿਆ ਜਾਂਦਾ ਹੈ।

"ਲੇਪਾਲਕ ਪੁੱਤਰ" ਲਈ ਯੂਨਾਨੀ ਸ਼ਬਦ ਹੈ: υἱοθεσία (hwee-oth-es-ee'-ah); υἱός ਦੇ ਸੰਯੋਜਨ ਤੋਂ – **ਪੁੱਤਰ** ਅਤੇ υἱοθεσίαν – **ਰੱਖਣਾ ਜਾਂ ਸਥਾਨ ਦੇਣਾ**

- ਇਸ ਲਈ ਸ਼ਾਬਦਿਕ ਅਨੁਵਾਦ ਇਹ ਹੈ: ਅਸੀਂ **ਬਾਲਕ ਸੀ,** ਪਰ **ਪਿਤਾ ਵੱਲੋਂ ਠਹਿਰਾਏ ਗਏ ਸਮੇਂ ਉੱਤੇ ਸਾਨੂੰ ਪੁੱਤਰ ਹੋਣ ਦੀ ਪਦਵੀ ਪਰਾਪਤ ਹੋਈ** – **ਇੱਕ ਪਰਿਪੱਕ ਪੁੱਤਰ ਜਾਂ ਧੀ** ਜਦੋਂ ਅਸੀਂ ਵਿਸ਼ਵਾਸ ਕੀਤਾ ਅਤੇ ਪਵਿੱਤਰ ਆਤਮਾ ਸਾਡੇ ਵਿੱਚ ਸਾਨੂੰ ਸਾਰੀਆਂ ਚੀਜ਼ਾਂ ਵਿਖਾਉਣ ਅਤੇ ਸਿਖਾਉਣ ਲਈ ਆਇਆ।

- ਅਸੀਂ **ਹਮੇਸ਼ਾ ਉਸ ਦੇ ਬੱਚੇ** ਸੀ, ਪਰਮੇਸ਼ੁਰ ਦੇ ਬੱਚੇ, ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਉਸ ਵੱਲੋਂ ਚੁਣੇ ਗਏ ਅਤੇ . . . **ਅਸੀਂ ਕਦੇ ਵੀ ਸ਼ਤਾਨ ਦਾ ਬੀਜ ਨਹੀਂ ਸੀ। ਅਸੀਂ ਕਦੇ ਵੀ ਲੇਪਾਲਕ ਨਹੀਂ ਸੀ** ਕਿਉਂਕਿ ਅੱਜ ਅਸੀਂ ਇਸ ਸ਼ਬਦ ਦਾ ਅਰਥ ਜਾਣਦੇ ਹਾਂ।

- ਲ਼ੇਪਾਲਕ ਦਾ ਅਨੁਵਾਦ ਇੱਕ ਗਲਤ ਧਰਮ ਵਿਗਿਆਨਕ ਪਦਵੀ ਹੈ ਅਤੇ ਨਾ ਹੀ ਯੂਨਾਨੀ ਪਾਠ ਦਾ ਇੱਕ ਸਹੀ ਅਨੁਵਾਦ ਹੈ।

- ਬਾਈਬਲ ਅਨੁਵਾਦ ਵਿੱਚ ਵਿਅਕਤੀਗਤ ਵਿਆਖਿਆ ਇੱਕ ਮਸਲਾ ਹੈ ਜੋ 1611 KJV ਨੂੰ ਵੀ ਪ੍ਰਭਾਵਿਤ ਕਰਦੀ ਹੈ ਜਿਵੇਂ ਵਿਦਵਾਨਾਂ ਨੂੰ **ਰਾਜਿਆਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਬਚਨ ਨੂੰ ਬਦਲਣ ਜਾਂ ਛੱਡਣ ਲਈ ਮਜ਼ਬੂਰ ਕੀਤਾ ਗਿਆ** – ਜਿਨ੍ਹਾਂ ਵਿੱਚ ਇੱਕ ਸੀ ਕਿ KJV ਬਿਸ਼ਪਸ ਬਾਈਬਲ ਦੇ ਵਿਰੋਧ ਵਿੱਚ ਖੜ੍ਹੀ ਨਾ ਹੋ ਸਕੀ।

- ਲੇਪਾਲਕ ਦੀ ਪਰਿਭਾਸ਼ਾ ਇਹ ਹੈ: *"ਦੂਸਰੇ ਮਾਪਿਆਂ ਦੇ ਬੱਚੇ ਨੂੰ ਆਪਣੀ ਇੱਛਾ ਨਾਲ ਆਪਣਾ ਬਣਾਉਣਾ"।*

- ਸੱਚੇ ਵਿਸ਼ਵਾਸੀ ਕਦੇ ਵੀ ਸ਼ਤਾਨ ਦਾ ਬੀਜ ਨਹੀਂ ਸਨ !!!

ਗਲਾਤੀਆਂ 4:6 **ਅਤੇ ਤੁਸੀਂ ਜੋ ਪੁੱਤਰ ਹੋ** - ਉਸ ਦੇ!
- "ਪਰਮੇਸ਼ੁਰ ਤੋਂ ਪੈਦਾ ਹੋਏ" ਯੂਹੰਨਾ 1:13
- "ਉਤਾਂਹ ਤੋਂ ਜਨਮੇ" ਸ਼ਾਬਦਿਕ ਯੂਨਾਨੀ ਯੂਹੰਨਾ 3:3,
- ਅਬਰਾਹਾਮ ਦਾ ਬੀਜ: **ਉਸ ਦੇ ਵੰਸ਼ਜ** (ਯੂਨਾਨੀ: ਉਸ ਦਾ ਬੀਜ) ਰੋਮੀਆਂ 4:13 ਅਤੇ 16

ਇਸ ਲਈ: ਪਰਮੇਸ਼ਰ ਨੇ **ਆਪਣੇ ਪੁੱਤਰ ਦੇ ਆਤਮਾ** ਨੂੰ ਸਾਡੇ ਦਿਲਾਂ ਵਿੱਚ ਘੱਲ ਦਿੱਤਾ (ਜਦੋਂ ਅਸੀਂ ਨਵੇਂ ਸਿਰਿਓਂ ਜਨਮੇ) ਜਿਹੜਾ ਅੱਬਾ, ਅਰਥਾਤ ਹੇ ਪਿਤਾ ਪੁਕਾਰਦਾ ਹੈ। 7 ਸੋ **ਤੂੰ ਅਗਾਹਾਂ ਨੂੰ ਗੁਲਾਮ ਨਹੀਂ** (ਇਸ ਸੰਸਾਰ ਦੀਆਂ ਚੀਜ਼ਾਂ ਦੇ ਅਧੀਨ ਬੰਧਨ ਵਿੱਚ) **ਸਗੋਂ ਪੁੱਤਰ ਹੈਂ** (ਪਰਿਪੱਕ ਪੁੱਤਰ ਜਾਂ ਧੀ) ਅਤੇ ਜੇ ਪੁੱਤਰ ਹੈਂ ਤਾਂ ਪਰਮੇਸ਼ਰ ਦੇ ਰਾਹੀਂ **ਅਧਕਾਰੀ** ਵੀ ਹੈਂ।

ਅਫ਼ਸੀਆਂ 1:3-6 ਮੁਬਾਰਕ ਹੋਵੇ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਮਸੀਹ ਵਿੱਚ ਸੁਰਗੀ ਥਾਵਾਂ ਵਿੱਚ ਸਭ ਪਰਕਾਰ ਦੀਆਂ ਆਤਮਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ। 4 ਜਿਵੇਂ **ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ** ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ। 5 **ਉਹ** ਨੇ ਜੋ ਆਪਣੀ ਮਰਜ਼ੀ ਦੇ **ਨੇਕ ਇਰਾਦੇ** ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ **"ਲੇਪਾਲਕ ਪੁੱਤਰ ਹੋਣ ਨੂੰ"** (ਸਹੀ ਅਨੁਵਾਦ ਅਤੇ ਲੇਪਾਲਕ ਨਹੀਂ) **ਅੱਗੋਂ ਹੀ ਠਹਿਰਾਇਆ।** 6 ਭਈ **ਉਹ ਦੀ ਕਿਰਪਾ** ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹ ਨੇ ਉਸ ਪਿਆਰੇ ਵਿੱਚ ਸਾਨੂੰ ਬਖ਼ਸ਼ ਦਿੱਤੀ।

ਅਸੀਂ ਜੋ ਹਾਂ ਅਸੀਂ ਹਾਂ, ਪੂਰੀ ਤਰ੍ਹਾਂ ਸੌ ਪ੍ਰਤੀਸ਼ਤ **ਉਸ ਦੀ ਕਿਰਪਾ** ਦੁਆਰਾ ਅਤੇ ਸਾਡੀ ਆਪਣੀ ਯੋਗਤਾ, ਕੋਸ਼ਿਸ਼, ਜਾਂ ਕੰਮ ਕੁਝ ਵੀ ਨਹੀਂ ਹਨ।

**ਉਹ ਦੀ ਕਿਰਪਾ** ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹ ਨੇ ਉਸ ਪਿਆਰੇ ਵਿੱਚ ਸਾਨੂੰ ਬਖ਼ਸ਼ ਦਿੱਤੀ।

1 ਯੂਹੰਨਾ 3:1-3 ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ **ਪ੍ਰੇਮ** ਕੀਤਾ ਹੈ ਜੋ ਅਸੀਂ **ਪਰਮੇਸ਼ੁਰ ਦੇ ਬਾਲਕ** ਸਦਾਈਏ! ਅਤੇ ਏਹੋ ਅਸੀਂ ਹਾਂ ਵੀ। ਇਸ ਕਰਕੇ ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂ ਜੋ ਉਸ ਨੇ ਉਹ ਨੂੰ ਨਹੀਂ ਜਾਣਿਆ। 2 ਹੇ ਪਿਆਰਿਓ, **ਅਸੀਂ** ਹੁਣ (ਤਬਦੀਲੀ ਜਾਂ ਜ਼ੋਰ ਦੇਣ ਦਾ ਇੱਕ ਕਿਰਿਆ ਵਿਸ਼ੇਸਣ) **ਪਰਮੇਸ਼ੁਰ ਦੇ ਬਾਲਕ ਹਾਂ** ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ! ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ ਹੋਵੇਗਾ ਤਾਂ **ਅਸੀਂ ਉਹ ਦੇ ਵਰਗੇ ਹੋਵਾਂਗੇ** ਕਿਉਂ **ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ।** 3 ਅਤੇ ਹਰ ਕੋਈ ਜਿਹੜਾ ਓਸ ਉੱਤੇ ਇਹ ਆਸ ਰੱਖਦਾ ਹੈ ਆਪਣੇ ਆਪ ਨੂੰ ਪਵਿੱਤਰ ਕਰਦਾ ਹੈ ਜਿਵੇਂ ਉਹ ਪਵਿੱਤਰ ਹੈ।

ਪਿਤਾ ਤੁਹਾਡਾ ਧੰਨਵਾਦ !!!     ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ !!!

IX. ਸਾਡੇ ਪ੍ਰਭੂ ਯਿਸੂ ਮਸੀਹ ਦੀ ਮਹਾਨ ਜਿੱਤ, ਭਵਿੱਖਬਾਣੀ ਤੇਰੇ ਤੇ ਇਸਤਰੀ ਅਤੇ ਤੇਰੀ ਸੰਤਾਨ ਤੇ ਇਸਤਰੀ ਦੀ ਸੰਤਾਨ ਵਿੱਚ ਮੈਂ ਵੈਰ ਪਾਵਾਂਗਾ। ਉਹ ਤੇਰੇ ਸਿਰ ਨੂੰ ਫੇਵੇਗਾ।

ਫਿਲੱਪੀਆਂ 2:6-11 ਉਸ ਨੇ ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ੁਰ ਦੇ **ਤੁੱਲ ਹੋਣਾ** ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। 7 ਸਗੋਂ ਉਸ ਨੇ **ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ** ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ 8 ਅਤੇ **ਮਨੁੱਖ ਦੀ ਸ਼ਕਲ** ਵਿੱਚ ਪਰਗਟ ਹੋ ਕੇ **ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ **ਮੌਤ ਤਾਈ ਸਗੋਂ ਸਲੀਬ ਦੀ ਮੌਤ ਤਾਈ ਆਗਿਆਕਾਰ ਬਣਿਆ।** 9 **ਇਸ ਕਾਰਨ ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ** ਅਤੇ ਉਸ ਨੂੰ ਉਹ ਨਾਮ ਦਿੱਤਾ **ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ।** 10 ਭਈ **ਯਿਸੂ ਦਾ ਨਾਮ ਲੈ ਕੇ** ਅਕਾਸ਼ ਉਤਲਿਆਂ ਅਤੇ ਧਰਤੀ

ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ **ਹਰ ਗੋਡਾ ਨਿਵਾਇਆ ਜਾਵੇ** 11 ਅਤੇ **ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ!**

ਕੁਲੁੱਸੀਆਂ 2:13-15 ਅਤੇ **ਉਸ ਨੇ** ਤੁਹਾਨੂੰ ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ **ਉਹ** ਦੇ ਨਾਲ **ਜਿਵਾਲਿਆ** ਕਿਉਂ ਜੋ ਉਸ ਨੇ **ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ।** (ਕਿਉਂ?) 14 **ਅਤੇ ਉਸ ਲਿਖਤ ਨੂੰ ਜਿਹੜੀ ਹੁਕਮਾਂ ਕਰਕੇ ਸਾਡੇ ਉਲਟ ਅਤੇ** ਸਾਡੇ ਵਿਰੁੱਧ ਸੀ **ਉਸ ਨੇ ਮੇਸ ਦਿੱਤਾ** ਅਤੇ **ਉਹ ਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ ਵਿੱਚੋਂ ਚੁੱਕ ਸੁੱਟਿਆ।**(ਇਸ ਦਾ ਨਤੀਜਾ ਇਹ ਸੀ) 15 **ਉਸ ਨੇ ਹਕੂਮਤਾਂ ਅਤੇ ਇਖ਼ਤਿਆਰਾਂ ਨੂੰ ਆਪਣੇ ਗਲੋਂ ਲਾਹ ਕੇ ਅਤੇ ਉਸੇ ਦੇ ਦੁਆਰਾ ਓਹਨਾਂ ਨੂੰ ਫਤਹ ਕਰ ਕੇ ਖੁੱਲਮ-ਖੁੱਲਾ ਤਮਾਸ਼ਾ ਬਣਾਇਆ।**

ਯਿਸੂ ਮਸੀਹ ਦੀ ਸਲੀਬ, ਉਸ ਦੀ ਮੌਤ, ਦਫ਼ਨਾਏ ਜਾਣਾ ਅਤੇ ਜੀ ਉੱਠਣ ਨੇ “ਸੱਪ ਸਿਰ ਨੂੰ ਫੇਹ ਦਿੱਤਾ”।

1 ਕੁਰਿੰਥੀਆਂ 2:8-9 ਜਿਹ ਨੂੰ ਇਸ ਜੁੱਗ ਦੇ ਹਾਕਮਾਂ ਵਿੱਚੋਂ ਕਿਸੇ ਨੇ ਨਾ ਜਾਣਿਆ ਕਿਉਂਕਿ ਜੇਕਰ ਓਹ ਜਾਣਦੇ ਤਾਂ **ਤੇਜਵਾਨ ਪ੍ਰਭੂ ਨੂੰ ਸਲੀਬ ਉੱਤੇ ਨਾ ਚਾੜ੍ਹਦੇ।**

ਇਬਰਾਨੀਆਂ 1:3-4 ਅਰ ਪਾਪਾਂ ਨੂੰ ਸਾਫ਼ ਕਰ ਕੇ **ਪਰਮ ਧਾਮ ਵਿੱਚ ਪਰਮ ਪ੍ਰਧਾਨ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।**

- ਸ਼ਤਾਨ ਅਤੇ ਪਾਪ ਉੱਤੇ ਜਿੱਤ ਪੂਰੀ ਹੋਈ ਅਤੇ ਸੰਪੂਰਣ ਹੋਈ ਸੀ।

ਇਬਰਾਨੀਆਂ 10:12-14 ਪਰ **ਏਹ ਪਾਪਾਂ ਦੇ ਬਦਲੇ ਇੱਕੋ ਬਲੀਦਾਨ ਸਦਾ ਲਈ** ਚੜ੍ਹਾ ਕੇ **ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।** 13 ਅਤੇ ਇਦੋਂ ਅੱਗੇ **ਉਡੀਕ ਕਰਦਾ** ਹੈ ਜੋ **ਉਹ ਦੇ ਵੈਰੀ ਉਹ ਦੇ ਪੈਰ ਰੱਖਣ ਦੀ ਚੌਂਕੀ ਕੀਤੇ ਜਾਣ।** 14 ਕਿਉਂ ਜੋ ਉਹ ਨੇ **ਇੱਕੋ ਭੇਟ** ਨਾਲ **ਉਨ੍ਹਾਂ ਨੂੰ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸਦਾ ਲਈ ਸੰਪੂਰਨ ਕੀਤਾ ਹੈ।**

- ਉਸ ਦਾ ਕੰਮ ਪੂਰਾ ਹੋਇਆ . . . ਅਤੇ ਉਹ ਸਾਡੀ ਉਡੀਕ ਕਰਦਾ ਹੈ ਕਿ ਅਸੀਂ ਉਹ ਕੰਮ ਕਰੀਏ ਜੋ ਉਸ ਨੇ ਸਾਨੂੰ ਦਿੱਤਾ ਹੈ।

ਮੱਤੀ 24:14 ਅਤੇ ਰਾਜ ਦੀ ਇਸ ਖ਼ੁਸ਼ ਖ਼ਬਰੀ ਦਾ ਪਰਚਾਰ ਸਾਰੀ ਦੁਨੀਆ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ **ਤਦ ਅੰਤ ਆਵੇਗਾ।**

ਰੋਮੀਆਂ 16:20 **ਅਰ ਸ਼ਾਂਤੀ ਦਾਤਾ ਪਰਮੇਸ਼ੁਰ ਸ਼ਤਾਨ ਨੂੰ ਝਬਦੇ ਤੁਹਾਡੇ ਪੈਰਾਂ ਦੇ ਹੇਠ ਮਿੱਧੇਗਾ।** ਸਾਨੂੰ ਦਿੱਤੀ ਗਈ ਸਮਰੱਥਾ ਅਤੇ ਅਧਿਕਾਰ ਦੁਆਰਾ ਹੁਣ ਅਸੀਂ ਹਰ ਦਿਨ “ਸੱਪ ਦੇ ਸਿਰ ਨੂੰ ਫੇਹਣ” ਵਿੱਚ ਸਾਂਝੀ ਹੁੰਦੇ ਹਾਂ।

## X. ਅੰਤ ਸਮੇਂ ਵਿੱਚ ਜੀਉਣਾ

ਯਹੋਵਾਹ ਇਉਂ ਆਖਦਾ ਹੈ, ਉਹ ਜੋ ਇਸਰਾਏਲ ਦਾ ਪਵਿੱਤਰ ਪੁਰਖ, ਅਤੇ ਉਹ ਦਾ ਸਿਰਜਣਹਾਰ ਹੈ, **ਕੀ ਤੁਸੀਂ ਆਉਣ ਵਾਲੀਆਂ ਗੱਲਾਂ ਮੈਥੋਂ ਪੁੱਛੋਗੇ? ਮੇਰੇ ਪੁੱਤਰਾਂ** ਵਿਖੇ, ਮੇਰੀ ਦਸਤਕਾਰੀ ਵਿਖੇ, ਤੁਸੀਂ ਮੈਨੂੰ ਹੁਕਮ ਦਿਓਗੇ? ਯਸਾਯਾਹ 45:11

ਰੋਮੀਆਂ 13:11-14 ਅਤੇ ਤੁਸੀਂ ਸਮਾ **ਜਾਣਦੇ ਹੋ** ਜੋ ਹੁਣ ਨੀਂਦਰ ਤੋਂ ਤੁਹਾਡੇ **ਜਾਗਣ** ਦਾ ਵੇਲਾ ਆ ਪੁੱਜਿਆ ਹੈ (ਸੱਚਾਈ ਲਈ ਜਾਗਣ ਦਾ, ਆਤਮਿਕ ਸੱਚਾਈ) ਕਿਉਂ ਜੋ ਜਿਸ ਵੇਲੇ ਅਸਾਂ ਨਿਹਚਾ ਕੀਤੀ ਓਸ ਵੇਲੇ ਨਾਲੋਂ ਸਾਡੀ ਮੁਕਤੀ (ਇਸ ਵਰਤਮਾਨ ਬੁਰੇ ਯੁੱਗ ਤੋਂ ਅੰਤਿਮ ਛੁਟਕਾਰਾ) ਹੁਣ ਨੇੜੇ ਹੈ। (12) ਰਾਤ ਬਹੁਤ ਬੀਤ ਗਈ ਅਤੇ **ਦਿਨ** (ਪ੍ਰਭੂ ਦਾ ਦਿਨ) **ਚੜ੍ਹਨ ਵਾਲਾ ਹੈ** ਇਸ ਲਈ ਅਨ੍ਹੇਰੇ ਦੇ ਕੰਮ **ਛੱਡ ਦੇਈਏ** ਅਤੇ **ਚਾਨਣ ਦੀ ਸੰਜੋ ਪਹਿਨ ਲਈਏ।** (13) **ਭਲਮਣਸਊ** ਨਾਲ **ਚੱਲੀਏ** ਜਿੱਕੁਰ ਦਿਨੇ ਚੱਲੀਦਾ ਹੈ, ਨਾ ਬਦਮਸਤੀਆਂ (ਸ਼ਰਾਬ ਪੀ ਕੇ ਮਸਤੀ ਕਰਨਾ) ਅਤੇ ਨਸ਼ਿਆਂ ਵਿੱਚ, ਨਾ ਹਰਾਮਕਾਰੀਆਂ ਅਤੇ ਲੁੱਚਪੁਣਿਆਂ (ਕਾਮਕੁਤਾ ਅਤੇ ਬੁਰਾ ਵਿਹਾਰ) ਵਿੱਚ, ਨਾ ਝਗੜੇ ਅਤੇ ਹਸਦ ਵਿੱਚ। (14) ਸਗੋਂ ਪ੍ਰਭੂ ਯਿਸੂ ਮਸੀਹ ਨੂੰ **ਪਹਿਨ ਲਓ** ਅਤੇ **ਸਰੀਰ ਦੇ ਵਿਸ਼ਿਆਂ ਲਈ ਕੋਈ ਤਰੱਦਦ ਨਾ ਕਰੋ।** (ਪੰਜਾਬੀ ਵਿੱਚ ਇਹ ਆਇਤ ਇੱਥੇ ਹੀ ਖਤਮ ਹੁੰਦੀ ਹੈ)

ਅਸੀਂ ਆਤਮਿਕ ਯੁੱਧ ਦੇ ਸਮੇਂ ਵਿੱਚ ਰਹਿੰਦੇ ਹਾਂ ਅਤੇ ਸਾਨੂੰ ਯਿੱਸਾਕਾਰ ਦੇ ਪੁੱਤਰਾਂ ਵਾਂਗ ਬਣਨ ਦੀ ਲੋੜ ਹੈ:
1 ਇਤਹਾਸ 12:23 ਇਹ ਉਨ੍ਹਾਂ ਮੁਖੀਆਂ ਦੀ ਗਿਣਤੀ ਹੈ ਜਿਹੜੇ **ਲੜਨ ਦੇ ਲਈ ਸ਼ਸਤ੍ਰ ਧਾਰ ਕੇ** ਹਬਰੋਨ ਵਿੱਚ ਦਾਊਦ ਨਾਲ ਮਿਲ ਗਏ ਜੋ ਯਹੋਵਾਹ ਦੇ ਬਚਨ ਦੇ ਅਨੁਸਾਰ ਸ਼ਾਊਲ ਦੇ ਰਾਜ ਨੂੰ ਉਸ ਦੀ ਵੱਲ ਮੋੜ ਲਿਆਉਣ। (32) ਅਤੇ ਯਿੱਸਾਕਾਰੀਆਂ ਵਿੱਚੋਂ ਜਿਹੜੇ **ਵੇਲੇ ਸਮੇਂ ਦੀ ਵੰਡ ਕਰਦੇ ਸਨ**, ਅਰ **ਜਾਣਦੇ ਸਨ**, ਭਈ ਇਸਰਾਏਲ (ਪਰਮੇਸ਼ੁਰ ਦੀ ਪਰਜਾ) ਨੂੰ ਕੀ ਕਰਨਾ ਚਾਹੀਦਾ ਹੈ, ਸੋ ਉਨ੍ਹਾਂ ਦੇ ਮੁਖੀਏ ਦੋ ਸੌ ਸਨ, ਅਤੇ ਉਨ੍ਹਾਂ ਦੇ ਸਾਰੇ ਭਰਾ ਉਨ੍ਹਾਂ ਦੀ ਆਗਿਆ ਵਿੱਚ ਸਨ।

- ਸਿਪਾਹੀ, ਪੂਰੀ ਤਰ੍ਹਾਂ ਸਿੱਖਿਅਤ, ਅਨੁਸ਼ਾਸਿਤ, ਟੀਚੇ ਉੱਤੇ ਕੇਂਦ੍ਰਿਤ, ਮਾਲਕ ਦੀ ਇੱਛਾ ਜਾਣਦੇ, ਦੁਸ਼ਮਣ ਦੇ ਰਾਹਾਂ ਨੂੰ ਜਾਣਦੇ, ਪੂਰੀ ਤਰ੍ਹਾਂ ਸਮਰਪਿਤ, ਮੌਤ ਤੱਕ ਵੀ।

2 ਤਿਮੋਥਿਉਸ 3:1-5 ਪਰ ਇਹ **ਜਾਣ ਛੱਡ** ਭਈ ਅੰਤ ਦਿਆਂ ਦਿਨਾਂ ਵਿੱਚ **ਭੈੜੇ ਸਮੇਂ** ਆ ਜਾਣਗੇ। (2) ਕਿਉਂ ਜੋ ਮਨੁੱਖ ਆਪ ਸੁਆਰਥੀ, ਮਾਇਆ ਦੇ ਲੋਭੀ, ਸ਼ੇਖ਼ੀਬਾਜ਼, ਹੰਕਾਰੀ, ਕੁਫ਼ਰ ਬਕਣ ਵਾਲੇ, ਮਾਪਿਆਂ ਦੇ ਅਣਆਗਿਆਕਾਰ, ਨਾਸ਼ੁਕਰੇ, ਅਪਵਿੱਤਰ, (3) ਨਿਰਮੋਹ, ਪੱਥਰ ਦਿਲ, ਪਰਾਈ ਨਿੰਦਿਆ ਕਰਨ ਵਾਲੇ, ਅਸੰਜਮੀ, ਕਰੜੇ, ਨੇਕੀ ਦੇ ਵੈਰੀ, (4) ਨਿਮਕ ਹਰਾਮ, ਕਾਹਲੇ, ਘਮੰਡੀ, ਪਰਮੇਸ਼ੁਰ ਦੇ ਨਹੀਂ ਸਗੋਂ ਭੋਗ ਬਿਲਾਸ ਦੇ ਪ੍ਰੇਮੀ ਹੋਣਗੇ। (5) ਭਗਤੀ ਦਾ ਰੂਪ ਧਾਰ ਕੇ ਵੀ ਉਹ ਦੀ ਸ਼ਕਤੀ ਦੇ ਇਨਕਾਰੀ ਹੋਣਗੇ, **ਤੂੰ ਇਨ੍ਹਾਂ ਤੋਂ ਵੀ ਪਰੇ ਰਹੁ।**

2 ਪਤਰਸ 3:3-4 ਕਿ ਪਹਿਲਾਂ ਤੁਸੀਂ **ਇਹ ਜਾਣਦੇ ਹੋ** ਭਈ ਅੰਤ ਦੇ ਦਿਨਾਂ ਵਿੱਚ **ਠੱਠਾ ਕਰਨ ਵਾਲੇ** ਠੱਠਾ ਕਰਦੇ ਹੋਏ ਆਉਣਗੇ ਜਿਹੜੇ ਆਪਣੀਆਂ ਕਾਮਨਾਂ ਦੇ ਅਨੁਸਾਰ ਚੱਲਣਗੇ। (4) ਅਤੇ ਆਖਣਗੇ ਭਈ **ਉਹ ਦੇ ਆਉਣ ਦੇ ਕਰਾਰ ਦਾ ਕੀ ਪਤਾ ਹੈ?** ਕਿਉਂਕਿ ਜਦੋਂ ਦੇ ਵਡ ਵਡੇਰੇ ਸੌਂ ਗਏ ਸ੍ਰਿਸ਼ਟੀ ਦੇ ਮੁੱਢੋਂ ਸੱਭੋ ਕੁਝ ਤਿਵੇਂ ਹੀ ਬਣਿਆ ਰਹਿੰਦਾ ਹੈ।

ਮੱਤੀ 24:4-14 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਚੌਕਸ ਰਹੋ ਭਈ ਤੁਹਾਨੂੰ ਕੋਈ ਭੁਲਾਵੇ ਵਿੱਚ ਨਾ ਪਾਵੇ। (5) ਕਿਉਂ ਜੋ ਮੇਰਾ ਨਾਮ ਧਾਰ ਕੇ ਬਥੇਰੇ ਇਹ ਕਹਿੰਦੇ ਆਉਣਗੇ ਜੋ ਮੈਂ ਮਸੀਹ ਹਾਂ ਅਤੇ ਬਹੁਤਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ। (6) ਤੁਸੀਂ **ਲੜਾਈਆਂ ਦੀਆਂ ਅਵਾਈਆਂ** ਸੁਣੋਗੇ। ਖ਼ਬਰਦਾਰ ਕਿਤੇ ਘਬਰਾ ਨਾ ਜਾਣਾ ਕਿਉਂ ਜੋ ਏਹ ਗੱਲਾਂ ਤਾਂ ਹੋਣੀਆਂ ਹੀ ਹਨ ਪਰ **ਅਜੇ ਅੰਤ ਨਹੀਂ।** (7) **ਕੌਮ ਕੌਮ ਉੱਤੇ** ਅਤੇ **ਪਾਤਸ਼ਾਹੀ ਪਾਤਸ਼ਾਹੀ ਉੱਤੇ** ਚੜ੍ਹਾਈ ਕਰੇਗੀ ਅਤੇ ਥਾਂ ਥਾਂ **ਕਾਲ** ਪੈਣਗੇ ਅਤੇ **ਭੁਚਾਲ** ਆਉਣਗੇ। (8) ਪਰ ਇਹ ਸਭ ਕੁਝ ਪੀੜਾਂ ਦਾ **ਅਰੰਭ** ਹੈ। (9) ਤਦ ਓਹ **ਤੁਹਾਨੂੰ ਬਿਪਤਾ ਲਈ ਫੜਵਾ ਦੇਣਗੇ** ਅਰ **ਤੁਹਾਨੂੰ ਮਾਰ ਦੇਣਗੇ** ਅਤੇ ਮੇਰੇ ਨਾਮ ਦੇ ਕਾਰਨ ਸਾਰੀਆਂ ਕੌਮਾਂ ਤੁਹਾਡੇ ਨਾਲ **ਵੈਰ ਰੱਖਣਗੀਆਂ।** (ਇਹ ਇਸਰਾਏਲ ਲਈ ਸੱਚ ਹੈ ਅਤੇ ਲੰਬੇ ਸਮੇਂ ਤੱਕ ਸੱਚ ਰਿਹਾ ਹੈ ਅਤੇ ਇਹੋ ਵਿਸ਼ਵਾਸੀਆਂ ਲਈ ਹਿੰਦੂ ਅਤੇ ਮੁਸਲਿਮ ਦੇਸਾਂ ਵਿੱਚ ਸੱਚ ਹੈ) (10) ਅਤੇ ਉਸ ਸਮੇ **ਬਥੇਰੇ ਠੋਕਰ ਖਾਣਗੇ** ਅਤੇ **ਇੱਕ ਦੂਏ ਨੂੰ ਫੜਵਾਏਗਾ** ਅਤੇ **ਇੱਕ ਦੂਏ ਨਾਲ ਵੈਰ ਰੱਖੇਗਾ।** (11) ਅਰ ਬਹੁਤ **ਝੂਠੇ ਨਬੀ** ਉੱਠਣਗੇ ਅਤੇ ਬਥੇਰਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ। (12) ਅਤੇ ਕੁਧਰਮ ਦੇ ਵਧਣ ਕਰਕੇ ਬਹੁਤਿਆਂ ਦੀ **ਪ੍ਰੀਤ ਠੰਢੀ ਹੋ ਜਾਵੇਗੀ।** (13) ਪਰ **ਜਿਹੜਾ** ਅੰਤ ਤੋੜੀ **ਸਹੇਗਾ** ਸੋਈ **ਬਚਾਇਆ ਜਾਵੇਗਾ।** (14) ਅਤੇ ਰਾਜ ਦੀ ਇਸ ਖ਼ੁਸ਼ ਖ਼ਬਰੀ ਦਾ **ਪਰਚਾਰ ਸਾਰੀ ਦੁਨੀਆ ਵਿੱਚ ਕੀਤਾ ਜਾਵੇਗਾ** ਜੋ **ਸਭ ਕੌਮਾਂ** ਉੱਤੇ ਸਾਖੀ ਹੋਵੇ **ਤਦ ਅੰਤ ਆਵੇਗਾ।**

ਮੱਤੀ 24:33 **ਇਸੇ ਤਰਾਂ ਤੁਸੀਂ ਵੀ ਜਾਂ ਇਹ ਸਭ ਕੁਝ ਵੇਖੋ ਤਾਂ ਜਾਣ ਲਓ ਜੋ ਉਹ ਨੇੜੇ ਸਗੋਂ ਬੂਹੇ ਉੱਤੇ ਹੈ।**

ਮੱਤੀ 24:34 34 ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਦ ਤੀਕਰ ਏਹ ਸਭ ਗੱਲਾਂ ਨਾ ਹੋ ਲੈਣ ਇਹ ਪੀਹੜੀ ਬੀਤ ਨਾ ਜਾਵੇਗੀ।

ਉੱਪਰ ਦਿੱਤੀਆਂ ਆਇਤਾਂ ਉਸ ਸਮੇਂ ਬਾਰੇ ਦੱਸਦੀਆਂ ਹਨ ਜਿਸ ਵਿੱਚ ਅੱਜ ਅਸੀਂ ਰਹਿੰਦੇ ਹਾਂ।

ਸਾਨੂੰ ਜਾਣਨਾ ਅਤੇ ਹਮੇਸ਼ਾ ਇਹ ਯਾਦ ਰੱਖਣਾ ਚਾਹੀਦਾ ਹੈ:

- ਅਸੀਂ ਸੰਸਾਰ ਦੇ **ਨਹੀਂ** ਹਾਂ, ਜਿਵੇਂ ਯਿਸੂ ਸੰਸਾਰ ਦਾ ਨਹੀਂ ਸੀ। (ਯੂਹੰਨਾ 19:16)

- ਕਿਉਂ ਜੋ ਅਸੀਂ **ਸੁਰਗ ਦੀ ਪਰਜਾ** ਹਾਂ ਜਿੱਥੋਂ ਅਸੀਂ ਇੱਕ ਮੁਕਤੀ ਦਾਤੇ ਅਰਥਾਤ ਪ੍ਰਭੂ ਯਿਸੂ ਮਸੀਹ ਦੀ ਉਡੀਕ ਵੀ ਕਰਦੇ ਹਾਂ (ਫਿਲਿੱਪੀਆਂ 3:21)

- ਅਸੀਂ ਧਰਤੀ ਉੱਤੇ **ਓਪਰੇ** ਅਤੇ **ਪਰਦੇਸੀ** ਹਾਂ। (ਇਬਰਾਨੀਆਂ 11:13)

- ਅਸੀਂ ਮਸੀਹ ਦੇ ਰਾਜਦੂਤ ਹਾਂ, ਇੱਕ ਪਰਾਏ ਦੇਸ ਵਿੱਚ। 2 ਕੁਰਿੰਥੀਆਂ 5:20

- ਸਾਡਾ ਮਿਸ਼ਨ (ਮਕਸਦ) ਉਸ ਮਿਸ਼ਨ (ਮਕਸਦ) ਨੂੰ ਪੂਰਾ ਕਰਨਾ ਹੈ ਜਿਸ ਲਈ ਯਿਸੂ ਇਸ ਸੰਸਾਰ ਵਿੱਚ ਆਇਆ ਸੀ:
  ਗੁਆਚੇ ਹੋਇਆਂ ਨੂੰ **ਭਾਲਣ** ਅਤੇ **ਬਚਾਉਣ** – ਮੱਤੀ 24:14; 28:18-20
  **ਲੂਣ ਅਤੇ ਚਾਨਣ** ਬਣਨ ਲਈ – ਮੱਤੀ 5:13

ਸਮਿਆਂ ਦੇ ਚਿੰਨ੍ਹਾਂ ਤੋਂ ਇਹ ਪਰਗਟ ਹੁੰਦਾ ਹੈ ਕਿ ਅਸੀਂ "ਅੰਤ ਦੇ ਦਿਨਾਂ" ਦੇ ਬੂਹੇ ਉੱਤੇ ਖਲੋਤੇ ਹਾਂ। ਇਸ ਦੌਰ ਨੂੰ ਬਿਪਤਾ ਦਾ ਦੌਰ ਆਖਿਆ ਜਾਂਦਾ ਹੈ। ਹਾਲਾਂਕਿ, ਬਿਪਤਾ ਸ਼ੁਰੂ ਹੋਣ ਤੋਂ ਪਹਿਲਾਂ, ਕੁਝ ਅਦਭੁਤ ਵਾਪਰਦਾ ਹੈ।

## XI. ਵਿਸ਼ਵਾਸੀਆਂ ਦਾ ਵੱਡਾ ਕੂਚ

2 ਥੱਸਲੁਨੀਕੀਆਂ 2:1-2 ਹੁਣ ਹੇ ਭਰਾਵੋ, **ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ** ਅਤੇ ਸਾਡੇ **ਉਸ ਕੋਲ ਇਕੱਠਿਆਂ ਹੋਣ** ਦੇ ਵਿਖੇ ਅਸੀਂ ਤੁਹਾਡੇ ਅੱਗੇ ਇਹ ਬੇਨਤੀ ਕਰਦੇ ਹਾਂ। (2) ਭਈ ਤੁਸੀਂ ਕਿਸੇ ਰੂਹ ਯਾ ਬਾਣੀ ਯਾ ਸਾਡੇ ਨਾਉਂ ਦੀ ਜਾਹਲੀ ਪੱਤ੍ਰੀ ਤੋਂ ਆਪਣੇ ਮਨੋਂ ਛੇਤੀ ਨਾ ਡੋਲੋ, ਨਾ ਘਾਬਰ ਜਾਓ ਭਈ ਮਾਨੋ **ਪ੍ਰਭੂ ਦਾ ਦਿਨ** ਆਣ ਪੁੱਜਿਆ ਹੈ!

- ਉਹ ਐਨੇ ਮੁਸ਼ਕਿਲ ਸਮਿਆਂ ਵਿੱਚ ਰਹਿ ਰਹੇ ਸਨ ਕਿ ਥੱਸਲੁਨੀਕੀਆਂ ਦੇ ਵਾਸੀਆਂ ਨੇ ਸੋਚਿਆ ਕਿ *"ਪ੍ਰਭੂ ਦਾ ਦਿਨ"* ਆ ਚੁੱਕਾ ਸੀ ਅਤੇ ਉਹ *"ਉਸ ਕੋਲ ਇਕੱਠੇ"* ਨਹੀਂ ਹੋਏ ਹਨ।

- ਇਹ ਇਸ਼ਾਰਾ ਕਰਦਾ ਹੈ ਕਿ ਪੌਲੁਸ ਦੀ ਸਿੱਖਿਆ ਇਹ ਸੀ ਕਿ ਵਿਸ਼ਵਾਸੀ *"ਪ੍ਰਭੂ ਦੇ ਦਿਨ"* ਤੋਂ ਪਹਿਲਾਂ *"ਉਸ ਕੋਲ ਇਕੱਠੇ"* ਹੋਣਗੇ। ਅਤੇ ਉਨ੍ਹਾਂ ਨੂੰ ਇਹ ਦੱਸਣ ਲਈ ਕਿ *"ਪ੍ਰਭੂ ਦਾ ਦਿਨ"* ਅਜੇ ਨਹੀਂ ਆਇਆ ਹੈ, ਪੌਲੁਸ ਵਿਆਖਿਆ ਕਰਦਾ ਹੈ:

ਆਇਤਾਂ 3-4 ਕੋਈ ਤੁਹਾਨੂੰ ਕਿਸੇ ਤਰਾਂ ਨਾ ਭਰਮਾਵੇ ਕਿਉਂ ਜੋ ਉਹ ਦਿਨ (ਪ੍ਰਭੂ ਦਾ ਦਿਨ) ਨਹੀਂ ਆਵੇਗਾ ਜਿੰਨਾ ਚਿਰ **ਪਹਿਲਾਂ ਧਰਮ ਤਿਆਗ** (ਤੋਂ ਡਿੱਗਣਾ) ਨਾ ਹੋ ਲਵੇ

- 1 ਤਿਮੋਥਿਉਸ 4:1-2 ਪਰ ਆਤਮਾ ਸਾਫ਼ ਆਖਦਾ ਹੈ ਭਈ ਆਉਣ ਵਾਲਿਆਂ ਸਮਿਆਂ ਵਿੱਚ ਕਈ ਲੋਕ ਭਰਮਾਉਣ ਵਾਲੀਆਂ ਰੂਹਾਂ ਅਤੇ ਭੂਤਾਂ ਦੀਆਂ ਸਿੱਖਿਆਂ ਵੱਲ ਚਿੱਤ ਲਾ ਕੇ ਨਿਹਚਾ ਤੋਂ **ਫਿਰ ਜਾਣਗੇ**। (ਵੇਖੋ 1 ਯੂਹੰਨਾ 2:17-19; 2 ਪਤਰਸ 2:20-22)

ਅਤੇ ਉਹ **ਕੁਧਰਮ ਦਾ ਪੁਰਖ** ਅਰਥਾਤ **ਵਿਨਾਸ ਦਾ ਪੁੱਤਰ** ਪਰਗਟ ਨਾ ਹੋ ਜਾਵੇ। (4) ਜੋ ਵਿਰੋਧੀ ਹੈ ਅਤੇ ਹਰ ਇੱਕ ਉੱਤੇ ਜਿਹੜਾ ਦੇਵ ਅਖਵਾਉਂਦਾ ਯਾ ਪੂਜਿਆ ਜਾਂਦਾ ਹੈ ਆਪਣੇ ਆਪ ਨੂੰ ਉੱਚਿਆਂ ਕਰਦਾ ਹੈ ਐਥੋਂ ਤੀਕ ਜੋ ਉਹ ਪਰਮੇਸ਼ੁਰ ਦੀ ਹੈਕਲ ਵਿੱਚ ਬਹਿੰਦਾ ਹੈ ਅਤੇ ਆਪਣੇ ਆਪ ਨੂੰ **ਪਰਮੇਸ਼ੁਰ ਕਰਕੇ** ਵਿਖਾਉਂਦਾ ਹੈ!

- ਇਹ ਹੋਇਆ ਨਹੀਂ ਸੀ ਅਤੇ ਇਹ ਸਪੱਸ਼ਟ ਹੈ ਕਿ ਇਸ ਦੇ ਹੋਣ ਤੋਂ ਪਹਿਲਾਂ ਸੱਚੇ ਵਿਸ਼ਵਾਸੀ *"ਉਸ ਦੇ ਕੋਲ ਇਕੱਠੇ ਹੋਣਗੇ"।*

ਦਾਨੀਏਲ 12:1 . . . ਅਜੇਹੀ **ਬਿਪਤਾ ਦਾ ਵੇਲਾ** ਹੋਵੇਗਾ ਜਿਹਾ ਕੌਮ ਦੇ ਮੁੱਢ ਤੇ ਲੈ ਕੇ ਉਸ ਵੇਲੇ ਤੀਕਰ ਕਦੀ ਨਹੀਂ ਹੋਇਆ ਸੀ ਅਤੇ ਉਸ ਵੇਲੇ ਤੇਰਿਆਂ ਲੋਕਾਂ ਵਿੱਚੋਂ **ਹਰ ਕੋਈ ਜਿਹ ਦਾ ਨਾਉਂ ਪੋਥੀ ਵਿੱਚ ਲਿਖਿਆ ਹੋਇਆ ਹੋਵੇਗਾ ਸੋ ਛੁੱਟੇਗਾ।**

ਇਸ ਤਰ੍ਹਾਂ ਜਾਪਦਾ ਹੈ ਕਿ ਪ੍ਰਭੂ ਯਿਸੂ ਮਸੀਹ ਦੀ ਕਲੀਸਿਯਾ - ਸਾਰੇ ਸੱਚੇ ਵਿਸ਼ਵਾਸੀ - "ਪ੍ਰਭੂ ਦੇ ਦਿਨ" ਤੋਂ ਪਹਿਲਾਂ **ਇਸ ਸੰਸਾਰ ਤੋਂ ਲੈ ਲਏ ਜਾਣਗੇ**, ਜੋ ਧਰਤੀ ਉੱਤੇ ਵੱਡੀ ਬਿਪਤਾ ਆਉਣ ਦਾ ਦਿਨ ਹੈ।

- ਪ੍ਰਭੂ ਦਾ ਦਿਨ: ਯਸਾਯਾਹ 13:6+; ਹਿਜ਼ਕੀਏਲ 30:3; ਯੋਏਲ 1:15; 2:1, 11, 31, 3:14; ਅਮੋਸ 5:18-20; ਸਫ਼ਨਯਾਹ 1:14-18; ਮਲਾਕੀ 4:5; ਰਸੂਲਾਂ ਦੇ ਕਰਤੱਬ 2:20; 1 ਥੱਸਲੁਨੀਕੀਆਂ 5:2; 2 ਪਤਰਸ 3:10

ਮੱਤੀ 24:37 ਪਰ ਜਿਸ ਤਰਾਂ **ਨੂਹ** ਦੇ ਦਿਨ ਸਨ **ਮਨੁੱਖ ਦੇ ਪੁੱਤਰ ਦਾ ਆਉਣਾ** ਉਸੇ ਤਰਾਂ ਹੋਵੇਗਾ। (38) ਕਿਉਂਕਿ ਜਿਸ ਤਰਾਂ ਪਰਲੋ ਤੋਂ ਅੱਗੇ ਦੇ ਦਿਨਾਂ ਵਿੱਚ ਲੋਕ ਖਾਂਦੇ ਪੀਂਦੇ ਵਿਆਹ ਕਰਦੇ ਅਤੇ ਕਰਾਉਂਦੇ ਸਨ ਉਸ ਦਿਨ ਤੀਕਰ ਕਿ **ਨੂਹ ਕਿਸ਼ਤੀ ਉੱਤੇ ਚੜ੍ਹਿਆ।** (ਸਜ਼ਾ ਤੋਂ ਪਹਿਲਾਂ) (39) ਅਤੇ ਓਹ ਨਹੀਂ ਜਾਣਦੇ ਸਨ **ਜਦ ਤਾਈਂ ਪਰਲੋ** ਨਾ **ਆਈ** ਅਤੇ ਸਭਨਾਂ ਨੂੰ ਰੁੜ੍ਹਾ ਕੇ ਲੈ ਨਾ ਗਈ **ਇਸੇ ਤਰਾਂ ਮਨੁੱਖ ਦੇ ਪੁੱਤਰ ਦਾ ਆਉਣਾ ਹੋਵੇਗਾ।** (40) ਤਦ ਦੋ ਜਣੇ ਖੇਤ ਵਿੱਚ ਹੋਣਗੇ, ਇੱਕ ਲੈ ਲਿਆ ਜਾਵੇਗਾ ਅਤੇ ਇੱਕ ਛੱਡਿਆ ਜਾਵੇਗਾ। (41) ਦੋ ਇਸਤਰੀਆਂ ਚੱਕੀ ਪੀਂਹਦੀਆਂ ਹੋਣਗੀਆਂ, ਇੱਕ ਲੈ ਲਈ ਜਾਵੇਗੀ ਅਤੇ ਇੱਕ ਛੱਡੀ ਜਾਵੇਗੀ।

ਨੂਹ ਦੇ ਦਿਨਾਂ ਵਾਂਗ ਹੀ ਸਾਨੂੰ ਆਪਣੀ ਕਿਸ਼ਤੀ ਤਿਆਰ ਕਰਨੀ ਚਾਹੀਦੀ ਹੈ:

**ਨਿਹਚਾ** ਨਾਲ ਨੂਹ ਨੇ ਪਰਮੇਸ਼ੁਰ ਕੋਲੋਂ ਉਨ੍ਹਾਂ ਵਸਤਾਂ ਦੀ **ਖਬਰ ਪਾ ਕੇ** ਜਿਹੜੀਆਂ ਅਜੇ ਅਣਡਿੱਠ ਸਨ ਸਹਮ ਕੇ **ਆਪਣੇ ਘਰ ਦੇ ਬਚਾਉ** ਲਈ **ਕਿਸ਼ਤੀ ਬਣਾਈ।** ਇਬਰਾਨੀਆਂ 11:7

ਨੂਹ ਅਤੇ ਉਸ ਦੇ ਪਰਿਵਾਰ ਨੇ ਕਿਸ਼ਤੀ ਵਿੱਚ ਪ੍ਰਵੇਸ਼ ਕੀਤਾ, **ਯਹੋਵਾਹ ਨੇ ਬੂਹਾ ਬੰਦ ਕੀਤਾ**, ਅਤੇ ਉਨ੍ਹਾਂ ਇਕੱਲਿਆਂ ਦੀ ਹੀ ਯਹੋਵਾਹ ਵੱਲੋਂ ਰੱਖਿਆ ਕੀਤੀ ਗਈ ਅਤੇ ਸਜ਼ਾ, ਬਿਪਤਾ ਤੋਂ ਛੁਡਾਏ ਗਏ ਜਾਂ ਬਚਾਏ ਗਏ ਸਨ।

ਉਨ੍ਹਾਂ ਨੇ ਸਜ਼ਾ ਨੂੰ ਵੇਖਿਆ, ਉਸ ਦੇ ਵਿੱਚੋਂ ਦੀ ਗਏ ਅਤੇ ਅਨੁਭਵ ਕੀਤਾ, ਪਰ ਇੱਕ ਸੁਰੱਖਿਅਤ ਸਥਾਨ ਤੋਂ ਜਿੱਥੋਂ ਉਨ੍ਹਾਂ ਨੇ *"ਅੰਤ ਤੋੜੀ **ਸਹਿਣ ਕੀਤਾ** ਅਤੇ **ਬਚਾਏ ਗਏ** ਸਨ"।*

ਲੂਕਾ ਨੂਹ ਦੇ ਬਾਰੇ ਇਹੋ ਲਿਖਦਾ ਹੈ ਅਤੇ ਫਿਰ ਅੱਗੇ ਦਿੱਤੇ ਨੂੰ ਜੋੜਦਾ ਹੈ:
ਲੂਕਾ 17:28-31 ਅਰ ਜਿਸ ਤਰਾਂ **ਲੂਤ** ਦੇ ਦਿਨਾਂ ਵਿੱਚ ਹੋਇਆ ਸੀ, ਓਹ ਖਾਂਦੇ ਪੀਂਦੇ, ਮੁੱਲ ਲੈਂਦੇ, ਵੇਚਦੇ, ਬੀਜਦੇ, ਅਤੇ ਘਰ ਬਣਾਉਂਦੇ ਸਨ। (29) ਪਰ **ਜਿਸ ਦਿਨ ਲੂਤ ਸਦੂਮ ਤੋਂ ਨਿੱਕਲਿਆ ਅੱਗ ਅਤੇ ਗੰਧਕ ਅਕਾਸ਼ੋਂ** ਬਰਸੀ **ਅਤੇ ਸਭਨਾਂ ਦਾ ਨਾਸ ਕੀਤਾ।** (30) **ਇਸੇ ਤਰਾਂ ਉਸ ਦਿਨ ਵੀ ਹੋਵੇਗਾ ਜਾਂ ਮਨੁੱਖ ਦਾ ਪੁੱਤਰ ਪਰਗਟ ਹੋਵੇਗਾ।**

- ਯਾਦ ਕਰੋ - ਯਹੋਵਾਹ ਨੇ ਆਖਿਆ ਕਿ ਉਹ ਸਦੂਮ ਦਾ ਨਾਸ **ਨਹੀਂ ਕਰੇਗਾ** ਜੇਕਰ ਉੱਥੇ ਧਰਮੀ ਮਨੁੱਖ ਹਨ (ਉਤਪਤ 18:26-33)। ਇਸ ਲਈ ਇਸ ਆਖਰੀ ਨਾਸ ਦੇ ਸਮੇਂ, **ਧਰਮੀ ਉਠਾ ਲਏ ਜਾਣਗੇ।**

ਉਤਪਤ 19:29 ਸੋ ਐਉਂ ਹੋਇਆ ਜਦ ਪਰਮੇਸ਼ੁਰ ਨੇ ਦੂਣ ਦੇ ਨਗਰਾਂ ਨੂੰ ਨਸ਼ਟ ਕੀਤਾ ਤਾਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਚੇਤੇ ਕੀਤਾ **ਅਰ ਲੂਤ ਨੂੰ** ਉਸ ਬਰਬਾਦੀ ਦੇ ਵਿੱਚੋਂ **ਕੱਢਿਆ** (ਇਸ ਦੇ ਹੋਣ ਤੋਂ ਪਹਿਲਾਂ) ਜਦ ਉਸ ਨੇ ਉਨ੍ਹਾਂ ਨਗਰਾਂ ਨੂੰ ਜਿੱਥੇ ਲੂਤ ਵਸਦਾ ਸੀ ਨਸ਼ਟ ਕਰ ਸੁੱਟਿਆ।
ਪਰਮੇਸ਼ੁਰ ਨੇ ਮਿਸਰ ਵਿੱਚ ਸਜ਼ਾ ਅਤੇ ਮਹਾਂਮਾਰੀ ਦੇ ਸਮੇਂ ਆਪਣੇ ਚੁਣੇ ਹੋਇਆਂ ਦੀ ਰੱਖਿਆ ਕੀਤੀ, ਅਤੇ ਆਖਰੀ ਸਜ਼ਾ ਤੋਂ ਪਹਿਲਾਂ, ਲਾਲ ਸਮੁੰਦਰ ਨੂੰ ਚਮਤਕਾਰੀ ਢੰਗ ਨਾਲ ਖੋਲਣ ਦੁਆਰਾ **ਉਨ੍ਹਾਂ ਨੂੰ** ਮਿਸਰ ਵਿੱਚੋਂ **ਕੱਢ ਲਿਆ।**

ਇਸ ਲਈ ਅਸੀਂ ਸਮਝਦੇ ਹਾਂ ਕਿ ਅੱਗੇ ਦਿੱਤੀਆਂ ਆਇਤਾਂ ਆਖਦੀਆਂ ਹਨ ਕਿ ਸਾਰੇ ਸੱਚੇ ਵਿਸ਼ਵਾਸੀ "**ਕੱਢ ਲਏ ਜਾਣਗੇ**," ਕਈਆਂ ਦੁਆਰਾ ਇਸ ਨੂੰ "ਉਠਾ ਲਿਆ ਜਾਣਾ" ਆਖਿਆ ਗਿਆ ਹੈ, ਜੋ ਵੱਡੀ ਬਿਪਤਾ ਤੋਂ **ਪਹਿਲਾਂ**

ਹੋਵੇਗਾ, (ਸ਼ਬਦ "ਉਠਾ ਲਿਆ ਜਾਣਾ" ਬਾਈਬਲ ਵਿੱਚ ਨਹੀਂ ਹੈ। ਇਹ ਲਤੀਨੀ ਸ਼ਬਦ ਹੈ ਜੋ "ਲੈ ਲੈਣਾ" ਨੂੰ ਅਨੁਵਾਦ ਕਰਨ ਲਈ ਵਰਤਿਆ ਗਿਆ ਹੈ।)

ਪਰਕਾਸ਼ ਦੀ ਪੋਥੀ 3:10 ਤੈਂ ਜੋ ਮੇਰੇ ਧੀਰਜ ਦੇ ਬਚਨ ਦੀ ਰੱਛਿਆ ਕੀਤੀ ਤਾਂ **ਮੈਂ ਵੀ ਪਰਤਾਵੇ ਦੇ ਓਸ ਸਮੇਂ ਤੋਂ** ਜੋ ਧਰਤੀ ਦੇ ਵਾਸੀਆਂ ਦੇ ਪਰਤਾਉਣ ਲਈ ਸਾਰੇ ਸੰਸਾਰ ਉੱਤੇ ਆਉਣ ਵਾਲਾ ਹੈ **ਤੇਰੀ ਰੱਛਿਆ ਕਰਾਂਗਾ।**

1 ਥੱਸਲੁਨੀਕੀਆਂ 4:13-18 ਕਿਉਂਕਿ **ਜੇ ਸਾਨੂੰ ਇਹ ਪਰਤੀਤ ਹੋਈ ਹੈ** ਭਈ ਯਿਸੂ ਮੋਇਆ ਅਤੇ ਫੇਰ ਜੀ ਉੱਠਿਆ ਤਾਂ ਇਸੇ ਤਰਾਂ ਪਰਮੇਸ਼ੁਰ ਉਨ੍ਹਾਂ ਨੂੰ ਵੀ ਜਿਹੜੇ ਯਿਸੂ ਵਿੱਚ ਸੌਂ ਗਏ ਹਨ **ਉਹ ਦੇ ਨਾਲ ਲਿਆਵੇਗਾ।** (ਵਿਸ਼ਵਾਸੀ ਜੋ ਮਰ ਗਏ ਹਨ ਅਤੇ ਕੇਵਲ ਆਤਮਾ ਵਿੱਚ ਪ੍ਰਭੂ ਨਾਲ ਰਹੇ ਹਨ, ਉਨ੍ਹਾਂ ਦੀ ਮੌਤ ਤੱਕ) (15) ਅਸੀਂ ਪ੍ਰਭੂ ਦੇ ਬਚਨ ਦੇ ਅਨੁਸਾਰ ਤੁਹਾਨੂੰ ਇਹ ਆਖਦੇ ਹਾਂ ਭਈ ਅਸੀਂ ਜਿਹੜੇ ਜੀਉਂਦੇ ਅਤੇ ਪ੍ਰਭੂ ਦੇ ਆਉਣ ਤੀਕ ਬਾਕੀ ਰਹਿੰਦੇ ਹਾਂ ਸੋ ਓਹਨਾਂ ਤੋਂ ਜਿਹੜੇ ਸੌਂ ਗਏ (ਮਰ ਗਏ) ਹਨ ਕਦੀ ਅਗੇਤ੍ਰੇ ਨਾ ਹੋਵਾਂਗੇ। (16) ਇਸ ਲਈ ਜੋ ਪ੍ਰਭੂ ਆਪ ਲਲਕਾਰੇ ਨਾਲ, ਮਹਾਂ ਦੂਤ ਦੀ ਅਵਾਜ਼ ਨਾਲ ਅਤੇ ਪਰਮੇਸ਼ੁਰ ਦੀ ਤੁਰ੍ਹੀ ਨਾਲ ਸੁਰਗ ਤੋਂ ਉਤਰੇਗਾ ਅਤੇ ਜਿਹੜੇ ਮਸੀਹ ਵਿੱਚ ਹੋ ਕੇ ਮੋਏ ਹਨ ਓਹ ਪਹਿਲਾਂ ਜੀ ਉੱਠਣਗੇ (ਸਰੀਰਾਂ ਦਾ ਜੀ ਉੱਠਣਾ ਤਾਂ ਜੋ ਉਹ ਆਪਣੇ ਆਤਮਿਆਂ ਨਾਲ ਮਿਲਣ ਜੋ ਪ੍ਰਭੂ ਦੇ ਨਾਲ ਹਨ)। (17) ਤਦ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਓਹਨਾਂ ਦੇ ਨਾਲ ਹੀ **ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ** ਬੱਦਲਾਂ ਉੱਤੇ ਅਚਾਣਕ **ਉਠਾਏ ਜਾਵਾਂਗੇ** ਅਤੇ ਇਸੇ ਤਰਾਂ ਅਸੀਂ ਸਦਾ ਪ੍ਰਭੂ ਦੇ ਸੰਗ ਰਹਾਂਗੇ।
(18) ਸੋ ਤੁਸੀਂ ਇਨ੍ਹਾਂ ਗੱਲਾਂ ਨਾਲ **ਇੱਕ ਦੂਏ ਨੂੰ ਤਸੱਲੀ ਦਿਓ।**

ਆਇਤ ਜਾਰੀ ਹੈ: ਅਧਿਆਏ 5:1-11

ਪਰ ਹੇ ਭਰਾਵੋ, ਤੁਹਾਨੂੰ ਕੋਈ ਲੋੜ ਨਹੀਂ ਜੋ ਤੁਹਾਡੀ ਵੱਲ **ਸਮਿਆਂ ਅਤੇ ਵੇਲਿਆਂ ਲਈ** ਕੁਝ ਲਿਖਿਆ ਜਾਵੇ। (2) ਕਿਉਂ ਜੋ ਤੁਸੀਂ ਆਪ ਠੀਕ ਤਰਾਂ ਜਾਣਦੇ ਹੋ ਭਈ **ਪ੍ਰਭੂ ਦਾ ਦਿਨ** (ਆਖਰੀ ਵੱਡੀ ਸਜ਼ਾ) ਇਸ ਤਰ੍ਹਾਂ ਆਵੇਗਾ ਜਿਸ ਤਰ੍ਹਾਂ ਰਾਤ ਨੂੰ ਚੋਰ। (3) ਜਦ **ਲੋਕ** ਆਖਦੇ ਹੋਣਗੇ ਭਈ ਅਮਨ ਚੈਨ ਅਤੇ ਸੁਖ ਸਾਂਦ ਹੈ ਤਦ ਜਿਵੇਂ ਗਰਭਵੰਤੀ ਇਸਤਰੀ ਨੂੰ ਪੀੜਾਂ ਲੱਗਦੀਆਂ ਹਨ ਤਿਵੇਂ ਉਨ੍ਹਾਂ ਦਾ ਅਚਾਣਕ **ਨਾਸ** ਹੋ ਜਾਵੇਗਾ ਅਤੇ **ਓਹ ਕਦੀ ਨਾ ਬਚਣਗੇ।** (4) ਪਰ ਹੇ **ਭਰਾਵੋ, ਤੁਸੀਂ ਅਨ੍ਹੇਰੇ ਵਿੱਚ ਨਹੀਂ ਹੋ** ਜੋ **ਤੁਹਾਡੇ** ਉੱਤੇ ਉਹ ਦਿਨ ਚੋਰ ਦੀ ਨਿਆਈਂ ਆਣ ਪਵੇ। (5) ਕਿਉਂ ਜੋ **ਤੁਸੀਂ ਸੱਭੇ ਚਾਨਣ ਦੇ ਪੁੱਤਰ** ਅਤੇ ਦਿਨ ਦੇ ਪੁੱਤਰ ਹੋ। **ਅਸੀਂ ਰਾਤ ਦੇ ਨਹੀਂ, ਨਾ ਅਨ੍ਹੇਰੇ ਦੇ ਹਾਂ।** (6) . . . ਸਗੋਂ ਜਾਗਦੇ ਰਹੀਏ ਅਰ ਸੁਚੇਤ ਰਹੀਏ . . . (8) . . . ਨਿਹਚਾ ਅਤੇ ਪ੍ਰੇਮ ਦੀ ਸੰਜੋ ਅਤੇ ਮੁਕਤੀ ਦੀ ਆਸ ਨੂੰ ਟੋਪ ਦੇ ਥਾਂ ਪਹਿਨ ਕੇ ਸੁਚੇਤ ਰਹੀਏ। (9) ਕਿਉਂ ਜੋ **ਪਰਮੇਸ਼ੁਰ ਨੇ ਸਾਨੂੰ ਕ੍ਰੋਧ** (ਕ੍ਰੋਧ ਇਹ ਆਖਰੀ ਸਜ਼ਾ ਹੈ। ਵਿਸ਼ਵਾਸੀ ਇਸ ਦੇ ਲਈ ਨਹੀਂ ਹੋਣਗੇ) **ਦੇ ਲਈ ਨਹੀਂ ਸਗੋਂ ਇਸ ਲਈ ਥਾਪਿਆ** ਭਈ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ **ਮੁਕਤੀ ਨੂੰ ਪਰਾਪਤ ਕਰੀਏ।** (10) ਜਿਹੜਾ ਸਾਡੇ ਲਈ ਮੋਇਆ ਭਈ ਅਸੀਂ ਭਾਵੇਂ ਜਾਗਦੇ ਭਾਵੇਂ ਸੁੱਤੇ ਹੋਈਏ **ਉਹ ਦੇ ਨਾਲ ਹੀ ਜੀਵੀਏ।** (11) ਇਸ ਕਾਰਨ ਤੁਸੀਂ **ਇੱਕ ਦੂਏ ਨੂੰ ਤਸੱਲੀ ਦਿਓ** ਅਤੇ ਇੱਕ ਦੂਏ ਦੀ ਉੱਨਤੀ ਕਰੋ ਜਿਵੇਂ ਤੁਸੀਂ ਕਰਦੇ ਵੀ ਹੋ।

1 ਕੁਰਿੰਥੀਆਂ 15:50-54 ਵੀ ਇਸ ਅਲੌਕਿਕ ਘਟਨਾ ਬਾਰੇ ਗੱਲ ਕਰਦਾ ਹੈ:
ਵੇਖੋ, ਮੈਂ ਤੁਹਾਨੂੰ ਇੱਕ ਭੇਤ ਦੱਸਦਾ ਹਾਂ ਜੋ **ਅਸੀਂ** ਸੱਭੇ ਨਹੀਂ ਸੌਂਵਾਂਗੇ (ਸੱਭੇ ਨਹੀਂ ਮਰਾਂਗੇ)। (52) ਪਰ **ਸੱਭੇ ਛਿੰਨ ਭਰ ਵਿੱਚ ਅੱਖ ਦੀ ਝਮਕ ਵਿੱਚ ਛੇਕੜਲੀ ਤੁਰ੍ਹੀ ਫੂਕਦਿਆਂ ਸਾਰ ਹੋਰ ਦੇ ਹੋਰ ਹੋ ਜਾਵਾਂਗੇ।** ਤੁਰ੍ਹੀ ਫੂਕੀ ਜਾਵੇਗੀ ਅਤੇ ਮੁਰਦੇ (ਵਿਸ਼ਵਾਸੀਆਂ ਦੀਆਂ ਲਾਸ਼ਾਂ। ਉਨ੍ਹਾਂ ਦੇ ਆਤਮੇ ਪਰਮੇਸ਼ੁਰ ਨਾਲ ਹਨ। 2 ਕੁਰਿੰਥੀਆਂ 5:8) ਅਵਿਨਾਸੀ ਹੋ ਕੇ ਜੀ ਉੱਠਣਗੇ **ਅਤੇ ਅਸੀਂ** (ਜੋ ਧਰਤੀ ਉੱਤੇ ਜੀਉਂਦੇ ਹਾਂ) **ਹੋਰ ਦੇ ਹੋਰ ਹੋ ਜਾਵਾਂਗੇ।** (53) ਕਿਉਂ ਜੋ ਜ਼ਰੂਰ ਹੈ ਕਿ ਨਾਸਵਾਨ (ਸਰੀਰ) ਅਵਿਨਾਸ (ਜੀ ਉੱਠਿਆ ਸਰੀਰ) ਨੂੰ ਉਦਾਲੇ ਪਾਵੇ ਅਤੇ ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾਵੇ। (54) ਪਰ ਜਾਂ ਇਹ ਨਾਸਵਾਨ ਅਵਿਨਾਸ ਨੂੰ ਅਤੇ ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾ ਚੁੱਕੇਗਾ ਤਾਂ ਉਹ ਗੱਲ ਜਿਹੜੀ ਲਿਖੀ ਹੋਈ ਹੈ ਪੂਰੀ ਹੋ ਜਾਵੇਗੀ,—ਮੌਤ ਫਤਹ ਦੀ ਬੁਰਕੀ ਹੋ ਗਈ।

ਇਹ ਅੱਗੇ ਦਿੱਤੀਆਂ ਆਇਤਾਂ ਸਰੀਰਾਂ ਦੇ ਜੀ ਉੱਠਣ ਦੀ ਵਿਆਖਿਆ ਕਰਨ ਵਿੱਚ ਸਹਾਇਤਾ ਕਰਦੀਆਂ ਹਨ:
1 ਕੁਰਿੰਥੀਆਂ 15:42-45 ਇਸੇ ਤਰਾਂ ਮੁਰਦਿਆਂ ਦੀ ਕਿਆਮਤ ਵੀ ਹੈ। ਉਹ ਨਾਸਵਾਨ ਬੀਜਿਆ ਜਾਂਦਾ ਹੈ ਪਰ ਅਵਿਨਾਸੀ ਜੀ ਉੱਠਦਾ ਹੈ। (43) ਉਹ ਬੇ ਪਤ ਬੀਜਿਆ ਜਾਂਦਾ ਹੈ ਪਰੰਤੂ ਪਰਤਾਪਵਾਨ ਜੀ ਉੱਠਦਾ ਹੈ। ਉਹ ਨਿਰਬਲ ਬੀਜਿਆ ਜਾਂਦਾ

ਹੈ ਪਰ ਬਲਵੰਤ ਜੀ ਉੱਠਦਾ ਹੈ। (44) ਉਹ **ਪ੍ਰਾਣਕ ਸਰੀਰ** ਹੋਕੇ ਬੀਜਿਆ ਜਾਂਦਾ ਹੈ ਪਰ ਉਹ **ਆਤਮਕ ਸਰੀਰ** ਹੋਕੇ ਜੀ ਉੱਠਦਾ ਹੈ। ਜੇ ਪ੍ਰਾਣਕ ਸਰੀਰ ਹੈ ਤਾਂ ਆਤਮਕ ਸਰੀਰ ਵੀ ਹੈ।

ਤੁਰ੍ਹੀ ਦੀ ਅਵਾਜ਼ ਉੱਤੇ - ਅਸੀਂ *"ਇੱਕ ਪਲ ਵਿੱਚ ਹੀ, ਅੱਖ ਝਪਕਦੇ" "ਪ੍ਰਭੂ ਨਾਲ ਹਵਾ ਵਿੱਚ ਮਿਲਣ ਲਈ ਉਠਾਏ" ਜਾਵਾਂਗੇ।*
*"ਅਤੇ ਇਸ ਤਰ੍ਹਾਂ ਅਸੀਂ ਹਮੇਸ਼ਾ ਲਈ ਪ੍ਰਭੂ ਦੇ ਨਾਲ ਰਹਾਂਗੇ"।*

## XII. ਬਿਪਤਾ

ਮੱਤੀ 24:15-28 ਉਪਰੰਤ ਜਦ ਤੁਸੀਂ ਉਸ **ਉਜਾੜਨ ਵਾਲੀ ਘਿਣਾਉਣੀ ਚੀਜ਼** ਨੂੰ ਜਿਹ ਦੀ ਖ਼ਬਰ ਦਾਨੀਏਲ ਨਬੀ ਨੇ ਦਿੱਤੀ ਪਵਿੱਤਰ ਥਾਂ ਵਿੱਚ ਖੜੀ ਵੇਖੋਗੇ। (ਵਾਚਣ ਵਾਲਾ ਸਮਝ ਲਵੇ) (16) ਤਦ ਓਹ ਜਿਹੜੇ ਯਹੂਦਿਯਾ ਵਿੱਚ ਹੋਣ ਪਹਾੜਾਂ ਉੱਤੇ ਭੱਜ ਜਾਣ। (17) ਜਿਹੜਾ ਕੋਠੇ ਉੱਤੇ ਹੋਵੇ ਉਹ ਆਪਣੇ ਘਰ ਵਿੱਚੋਂ ਅਸਬਾਬ ਲੈਣ ਨੂੰ ਹੇਠਾਂ ਨਾ ਉੱਤਰੇ। (18) ਅਤੇ ਜਿਹੜਾ ਖੇਤ ਵਿੱਚ ਹੋਵੇ ਆਪਣੇ ਲੀੜੇ ਲੈਣ ਨੂੰ ਪਿਛਾਹਾਂ ਨਾ ਮੁੜੇ। (19) ਪਰ ਹਮਸੋਸ ਉਨ੍ਹਾਂ ਉੱਤੇ ਜਿਹੜੀਆਂ ਉਨ੍ਹੀਂ ਦਿਨੀਂ ਗਰਭਣੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ ਹੋਣ! (20) ਪਰ ਤੁਸੀਂ ਪ੍ਰਾਰਥਨਾ ਕਰੋ ਜੋ ਤੁਹਾਡਾ ਭੱਜਣਾ ਸਿਆਲ ਵਿੱਚ ਯਾ ਸਬਤ ਦੇ ਦਿਨ ਨਾ ਹੋਵੇ। (21) ਕਿਉਂ ਜੋ ਉਸ ਸਮੇ ਅਜਿਹਾ **ਵੱਡਾ ਕਸ਼ਟ ਹੋਵੇਗਾ ਜੋ ਜਗਤ ਦੇ ਮੁੱਢੋਂ ਲੈ ਕੇ ਨਾ ਹੁਣ ਤੋੜੀ ਹੋਇਆ ਅਤੇ ਨਾ ਕਦੀ ਹੋਵੇਗਾ।** (22) ਅਰ ਜੇ ਓਹ ਦਿਨ ਘਟਾਏ ਨਾ ਜਾਂਦੇ ਤਾਂ ਕੋਈ ਸਰੀਰ ਨਾ ਬਚਦਾ ਪਰ ਓਹ ਦਿਨ ਚੁਣਿਆਂ ਹੋਇਆਂ (ਉਹ ਜੋ ਬਿਪਤਾ ਦੇ ਦੌਰਾਨ ਵਿਸ਼ਵਾਸ ਕਰਨ ਲੱਗੇ) ਦੀ ਖ਼ਾਤਰ ਘਟਾਏ ਜਾਣਗੇ। (23) ਤਦ ਜੇ ਕੋਈ ਤੁਹਾਨੂੰ ਆਖੇ, ਵੇਖੋ ਮਸੀਹ ਐਥੇ ਯਾ ਉੱਥੇ ਹੈ ਤਾਂ ਸੱਚ ਨਾ ਮੰਨਣਾ। (24) ਕਿਉਂਕਿ ਝੂਠੇ ਮਸੀਹ ਅਤੇ ਝੂਠੇ ਨਬੀ ਉੱਠਣਗੇ ਅਰ ਅਜੇਹੇ **ਵੱਡੇ ਨਿਸ਼ਾਨ ਅਤੇ ਅਚਰਜ ਕੰਮ** ਵਿਖਾਉਣਗੇ ਕਿ ਜੇ ਹੋ ਸੱਕਦਾ ਤਾਂ ਓਹ ਚੁਣਿਆਂ ਹੋਇਆਂ ਨੂੰ ਵੀ ਭੁਲਾਵੇ ਵਿੱਚ ਪਾ ਦਿੰਦੇ। (25) ਵੇਖੋ ਮੈਂ ਤੁਹਾਨੂੰ ਅੱਗੋਂ ਹੀ ਦੱਸ ਦਿੱਤਾ। (26) ਇਸ ਲਈ ਜੇ ਓਹ ਤੁਹਾਨੂੰ ਆਖਣ, ਵੇਖੋ ਉਹ ਉਜਾੜ ਵਿੱਚ ਹੈ ਤਾਂ ਬਾਹਰ ਨਾ ਜਾਣਾ। ਵੇਖੋ ਉਹ ਅੰਦਰਲੀਆਂ ਕੋਠੜੀਆਂ ਵਿੱਚ ਹੈ ਤਾਂ ਸਤ ਨਾ ਮੰਨਣਾ। (27) ਕਿਉਂਕਿ ਜਿਸ ਤਰਾਂ **ਬਿਜਲੀ** ਚੜ੍ਹਦਿਓਂ **ਚਮਕਾਰਾ** ਮਾਰ ਕੇ ਲਹਿੰਦੇ ਤੀਕਰ ਦਿਸਦੀ ਹੈ **ਉਸੇ ਤਰਾਂ ਮਨੁੱਖ ਦੇ ਪੁੱਤਰ ਦਾ ਆਉਣਾ ਹੋਵੇਗਾ।**

- ਦੂਸਰੇ ਸ਼ਬਦਾਂ ਵਿੱਚ - ਉਸ ਦਾ ਆਉਣਾ ਕਿਸੇ ਤੋਂ ਵੀ ਲੁਕਿਆ ਨਹੀਂ ਰਹੇਗਾ।

ਪਰਕਾਸ਼ ਦੀ ਪੋਥੀ 13:2-18 ਅਤੇ ਜਿਹੜਾ **ਦਰਿੰਦਾ** ਮੈਂ ਡਿੱਠਾ ਉਹ ਚਿੱਤੇ ਵਰਗਾ ਸੀ . . . (6) ਉਹ ਨੇ **ਪਰਮੇਸ਼ੁਰ ਦੇ ਵਿਰੁੱਧ ਕੁਫ਼ਰ ਬਕਣ** ਨੂੰ ਆਪਣਾ ਮੂੰਹ ਅੱਡਿਆ ਭਈ ਉਸ ਦੇ ਨਾਮ ਅਤੇ ਉਸ ਦੇ ਡੇਰੇ ਉੱਤੇ ਅਰਥਾਤ ਉਨ੍ਹਾਂ ਉੱਤੇ ਜਿਹੜੇ ਸੁਰਗ ਵਿੱਚ ਵੱਸਦੇ ਹਨ ਕੁਫ਼ਰ ਬਕੇ। (7) ਅਤੇ ਉਹ ਨੂੰ ਇਹ ਦਿੱਤਾ ਗਿਆ ਭਈ **ਸੰਤਾਂ ਨਾਲ ਜੁੱਧ ਕਰੇ ਅਤੇ ਓਹਨਾਂ ਨੂੰ ਜਿੱਤ ਲਵੇ**, ਅਤੇ **ਹਰੇਕ ਗੋਤ, ਉੱਮਤ, ਭਾਖਿਆ** ਅਤੇ **ਕੌਮ** ਉੱਤੇ ਉਹ ਨੂੰ **ਇਖ਼ਤਿਆਰ** ਦਿੱਤਾ ਗਿਆ। (8) **ਅਤੇ ਧਰਤੀ ਦੇ ਵਾਸੀ ਸੱਭੇ ਉਹ ਨੂੰ ਮੱਥਾ ਟੇਕਣਗੇ** ਅਰਥਾਤ ਹਰੇਕ ਜਿਹ ਦਾ ਨਾਉਂ ਓਸ ਲੇਲੇ ਦੀ ਜਿਹੜਾ ਕੋਹਿਆ ਗਿਆ ਸੀ ਜੀਵਨ ਦੀ ਪੋਥੀ ਵਿੱਚ ਜਗਤ ਦੇ ਮੁੱਢੋਂ ਹੀ ਨਹੀਂ ਲਿਖਿਆ ਗਿਆ। (9) ਜੇ ਕਿਸੇ ਦੇ ਕੰਨ ਹੋਣ ਤਾਂ ਸੁਣੇ . . . (11) ਮੈਂ **ਇੱਕ ਹੋਰ ਦਰਿੰਦੇ** ਨੂੰ ਧਰਤੀ ਵਿੱਚੋਂ ਨਿੱਕਲਦਿਆਂ ਡਿੱਠਾ . . . (12) ਅਤੇ **ਉਹ ਉਸ ਪਹਿਲੇ ਦਰਿੰਦੇ** ਦੇ ਸਾਹਮਣੇ **ਉਸ ਦਾ ਸਾਰਾ ਇਖ਼ਤਿਆਰ ਵਰਤਦਾ ਹੈ** ਅਤੇ ਧਰਤੀ ਅਤੇ ਉਹ ਦੇ ਵਾਸੀਆਂ ਕੋਲੋਂ ਉਸ **ਪਹਿਲੇ ਦਰਿੰਦੇ ਨੂੰ ਮੱਥਾ ਟਿਕਾਉਂਦਾ ਹੈ ਜਿਹ ਦੀ ਕਾਰੀ ਸੱਟ ਚੰਗੀ ਹੋ ਗਈ ਸੀ।** (13) ਅਤੇ ਉਹ ਵੱਡੀਆਂ ਨਿਸ਼ਾਨੀਆਂ ਭੀ ਵਿਖਾਉਂਦਾ ਹੈ ਐਥੋਂ ਤੋੜੀ ਭਈ ਮਨੁੱਖਾਂ ਦੇ ਸਾਹਮਣੇ ਅਕਾਸ਼ੋਂ ਧਰਤੀ ਉੱਤੇ ਅੱਗ ਭੀ ਵਰਸਾਉਂਦਾ ਹੈ। (14) ਅਤੇ ਉਨ੍ਹਾਂ ਨਿਸ਼ਾਨੀਆਂ ਦੇ ਕਾਰਨ ਜੋ ਓਸ ਦਰਿੰਦੇ ਦੇ ਸਾਹਮਣੇ ਵਿਖਾਉਣ ਦਾ ਉਹ ਨੂੰ ਇਖ਼ਤਿਆਰ ਦਿੱਤਾ ਗਿਆ ਸੀ **ਉਹ** ਧਰਤੀ ਦੇ ਵਾਸੀਆਂ ਨੂੰ **ਭਰਮਾਉਂਦਾ ਹੈ** ਅਤੇ ਧਰਤੀ ਦੇ ਵਾਸੀਆਂ ਨੂੰ ਆਖਦਾ ਹੈ ਭਈ **ਓਸ ਦਰਿੰਦੇ ਦੀ ਮੂਰਤ ਬਣਾਓ** ਜਿਹ ਨੂੰ ਤਲਵਾਰ ਦੀ ਸੱਟ ਵੱਜੀ ਅਤੇ ਉਹ ਜੀਉਂਦਾ ਰਿਹਾ। (15) ਉਹ ਨੂੰ ਇਹ ਵੀ ਦਿੱਤਾ ਗਿਆ ਭਈ ਓਸ ਦਰਿੰਦੇ ਦੀ ਮੂਰਤੀ ਵਿੱਚ ਸੁਆਸ ਪਾ ਦੇਵੇ ਤਾਂ ਜੋ **ਓਸ ਦਰਿੰਦੇ ਦੀ ਮੂਰਤੀ ਬੋਲੇ** ਨਾਲੇ ਜਿੰਨੇ **ਦਰਿੰਦੇ ਦੀ ਮੂਰਤੀ ਦੀ ਪੂਜਾ ਨਾ ਕਰਨ ਓਹ ਵੱਢੇ ਜਾਣ।** (16) ਅਤੇ ਉਹ **ਸਭਨਾਂ** ਛੋਟਿਆਂ, ਵੱਡਿਆਂ, ਧਨੀਆਂ, ਗਰੀਬਾਂ, ਅਜ਼ਾਦਾਂ ਅਤੇ ਗੁਲਾਮਾਂ ਨੂੰ ਓਹਨਾਂ ਦੇ **ਸੱਜੇ ਹੱਥ ਉੱਤੇ ਅਥਵਾ ਓਹਨਾਂ ਦੇ ਮੱਥੇ ਉੱਤੇ ਦਾਗ** ਦੁਆ ਦਿੰਦਾ ਹੈ। (17) ਅਤੇ **ਕਿਸੇ ਨੂੰ ਲੈਣ ਦੇਣ ਨਹੀਂ ਕਰਨ ਦਿੰਦਾ ਪਰ ਨਿਰਾ ਉਹ ਨੂੰ ਜਿਹ ਦੇ ਉੱਤੇ ਉਹ ਦਾਗ** ਅਰਥਾਤ ਦਰਿੰਦੇ ਦਾ ਨਾਉਂ ਯਾ ਉਹ ਦੇ ਨਾਉਂ ਦਾ ਅੰਗ **ਲੱਗਾ ਹੋਵੇ।** (18) ਏਹ ਗਿਆਨ ਦਾ ਮੌਕਾ ਹੈ! ਜਿਹ ਨੂੰ ਬੁੱਧ ਹੈ ਉਹ ਉਸ ਦਰਿੰਦੇ ਦੇ ਅੰਗ ਗਿਣ ਲਵੇ। ਉਹ ਮਨੁੱਖ ਦਾ ਅੰਗ ਹੈ ਅਤੇ ਉਹ ਦਾ ਅੰਗ **666** ਹੈ।

ਪਰਕਾਸ਼ ਦੀ ਪੋਥੀ 14:9-13 **ਜੋ ਕੋਈ ਓਸ ਦਰਿੰਦੇ ਅਤੇ ਉਹ ਦੀ ਮੂਰਤੀ ਦੀ ਪੂਜਾ ਕਰਦਾ** ਅਤੇ **ਆਪਣੇ ਮੱਥੇ ਯਾ ਆਪਣੇ ਹੱਥ ਉੱਤੇ ਦਾਗ ਲੁਆਉਂਦਾ ਹੈ।** (10) **ਤਾਂ ਉਹ ਪਰਮੇਸ਼ੁਰ ਦੇ ਕ੍ਰੋਧ ਦੀ ਮੈ ਵੀ ਪੀਵੇਗਾ ਜੋ ਓਹ ਦੇ ਕ੍ਰੋਧ ਦੇ ਪਿਆਲੇ ਵਿੱਚ ਨਖਾਲਸ ਭਰੀ ਹੋਈ ਹੈ ਅਤੇ ਉਹ ਪਵਿੱਤਰ ਦੂਤਾਂ ਦੇ ਸਾਹਮਣੇ ਅਤੇ ਲੇਲੇ ਦੇ ਸਾਹਮਣੇ ਅੱਗ ਅਤੇ ਗੰਧਕ ਨਾਲ ਕਸ਼ਟ ਪਾਵੇਗਾ।** (11) ਅਤੇ ਓਹਨਾਂ ਦੇ ਕਸ਼ਟ ਦਾ ਧੂੰਆਂ ਜੁੱਗੋ ਜੁੱਗ ਉੱਠਦਾ ਰਹਿੰਦਾ ਹੈ ਸੋ ਓਹ ਜਿਹੜੇ ਦਰਿੰਦੇ ਦੀ ਅਤੇ ਉਹ ਦੀ ਮੂਰਤੀ ਦੀ ਪੂਜਾ ਕਰਦੇ ਹਨ ਅਤੇ ਓਹ ਜਿਹੜੇ ਉਹ ਦੇ ਨਾਉਂ ਦਾ ਦਾਗ ਲੁਆਉਂਦੇ ਹਨ ਰਾਤ ਦਿਨ ਕਦੇ ਚੈਨ ਨਹੀਂ ਪਾਉਂਦੇ। (12) ਏਹ ਸੰਤਾਂ ਦੇ ਸਬਰ ਦਾ ਮੌਕਾ ਹੈ ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ੁਰ ਦੇ ਹੁਕਮਾਂ ਅਤੇ ਯਿਸੂ ਦੀ ਨਿਹਚਾ ਦੀ ਪਾਲਨਾ ਕਰਦੇ ਹਨ।

## XIII. ਧਰਤੀ ਉੱਤੇ ਬਿਪਤਾ ਅਤੇ ਸਵਰਗ ਵਿੱਚ ਜਸ਼ਨ

### 1. ਮਸੀਹ ਦਾ ਨਿਆਂ ਦਾ ਸਿੰਘਾਸਣ

ਰੋਮੀਆਂ 14:10-12 ਅਸੀਂ ਸੱਭੇ **ਪਰਮੇਸ਼ੁਰ ਦੇ ਨਿਆਉਂ ਦੇ ਸਿੰਘਾਸਣ** ਦੇ ਅੱਗੇ ਖੜੇ ਹੋਵਾਂਗੇ। (12) ਸੋ ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ ਆਪਣਾ **ਲੇਖਾ ਦੇਣਾ** ਹੈ।

ਮਸੀਹ ਦਾ ਨਿਆਂ ਦਾ ਸਿੰਘਾਸਣ ਸਵਰਗ ਵਿੱਚ ਦਾਖਲ ਹੋਣ ਲਈ ਇੱਕ ਮਸਲਾ ਨਹੀਂ ਹੈ। ਪਾਪ ਦਾ ਨਿਆਂ ਪਹਿਲਾਂ ਹੀ ਸਲੀਬ ਉੱਤੇ ਕਰ ਦਿੱਤਾ ਗਿਆ ਹੈ (ਰੋਮੀਆਂ 8:1-3)। ਕੇਵਲ ਸੱਚੇ ਵਿਸ਼ਵਾਸੀ ਉੱਥੇ ਪਰਮੇਸ਼ੁਰ ਦੇ ਅੱਗੇ ਖਲੋਤੇ ਹਨ।

ਇਹ ਸਾਡੇ ਉਸ ਦੇ ਸੇਵਕ ਹੋਣ ਦੇ ਰੂਪ ਵਿੱਚ ਸਾਡੇ ਕੰਮ ਦਾ ਫਲ ਮਿਲਣ ਦਾ ਮਸਲਾ ਹੈ।

2 ਕੁਰਿੰਥੀਆਂ 5:10 ਕਿਉਂ ਜੋ ਅਸਾਂ **ਸਭਨਾਂ** ਨੇ ਮਸੀਹ ਦੇ **ਨਿਆਉਂ ਦੇ ਸਿੰਘਾਸਣ** ਦੇ ਅੱਗੇ ਪਰਗਟ ਹੋਣਾ ਹੈ ਭਈ **ਹਰੇਕ** ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ **ਫਲ ਭੋਗੇ।**

1 ਕੁਰਿੰਥੀਆਂ 3:13-15 ਤਾਂ **ਹਰੇਕ ਦਾ ਕੰਮ** ਪਰਗਟ ਹੋਵੇਗਾ ਕਿਉਂ ਜੋ ਉਹ ਦਿਨ ਉਸ ਨੂੰ ਉਘਾੜ ਦੇਵੇਗਾ ਇਸ ਲਈ ਜੋ ਉਹ ਅੱਗ ਨਾਲ ਪਰਕਾਸ਼ ਹੁੰਦਾ ਹੈ ਅਤੇ **ਅੱਗ** ਆਪੇ ਹਰੇਕ ਦਾ ਕੰਮ **ਪਰਖ ਦੇਵੇਗੀ** ਭਈ ਉਹ ਕਿਸ ਪਰਕਾਰ ਦਾ ਹੈ। (14) ਜੇ ਕਿਸੇ ਦਾ ਕੰਮ ਜਿਹੜਾ ਉਹ ਨੇ ਬਣਾਇਆ ਸੀ **ਟਿਕਿਆ ਰਹੇਗਾ** ਤਾਂ **ਉਹ ਨੂੰ ਬਦਲਾ ਮਿਲੇਗਾ।** (15) ਜੇ ਕਿਸੇ ਦਾ ਕੰਮ ਸੜ ਜਾਵੇ ਤਾਂ **ਉਹ ਦੀ ਹਾਨੀ ਹੋ ਜਾਵੇਗੀ ਪਰੰਤੂ ਉਹ ਆਪ ਤਾਂ ਬਚ ਜਾਵੇਗਾ** ਪਰ ਸੜਦਿਆਂ ਸੜਦਿਆਂ।

**ਇਸ ਦੇ ਲਈ ਫਲ ਦਿੱਤਾ ਜਾਵੇਗਾ:**

1. ਰਾਜ ਦੇ ਵਿੱਚ ਸਾਡੀ ਬੀਜਣ ਅਤੇ ਪਾਣੀ ਦੇਣ ਦੀ ਮਿਹਨਤ ਲਈ (1 ਕੁਰਿੰਥੀਆਂ 3:8)
2. ਯਿਸੂ ਦੇ ਲਈ ਸਤਾਓ ਅਤੇ ਬੇਇਜ਼ਤੀ ਨੂੰ ਸਹਿਣ ਕਰਨ ਲਈ (ਮੱਤੀ 5:11-22)
3. ਧਰਮੀ ਜੀਵਨ ਗੁਜ਼ਾਰਨ ਲਈ ਅਤੇ ਵਿਖਾਵਾ ਨਾ ਕਰਨ ਲਈ (ਮੱਤੀ 6:1)
4. ਗਰੀਬਾਂ ਨੂੰ ਦੇਣ ਲਈ ਅਤੇ ਵਿਖਾਵਾ ਨਾ ਕਰਨ ਲਈ (ਮੱਤੀ 6:3-4)
5. ਗੁਪਤ ਵਿੱਚ ਪ੍ਰਾਰਥਨਾ ਕਰਨ ਲਈ (ਮੱਤੀ 6:6)
6. ਗੁਪਤ ਵਿੱਚ ਵਰਤ ਰੱਖਣ ਲਈ (ਮੱਤੀ 6:18)
7. ਉਸ ਦੇ ਸੇਵਕਾਂ ਨੂੰ ਕਬੂਲ ਕਰਨ ਲਈ (ਮੱਤੀ 10:41)
8. ਉਨ੍ਹਾਂ ਨੂੰ ਕੁਝ ਵੀ ਦੇਣ ਲਈ, ਇੱਥੋਂ ਤੱਕ ਕਿ ਇੱਕ ਪਾਣੀ ਦੇ ਗਿਲਾਸ ਲਈ ਵੀ (ਮੱਤੀ 10:42)
9. ਆਪਣੇ ਦੁਸ਼ਮਣਾਂ ਨੂੰ ਪਿਆਰ ਕਰਨ, ਭਲਾ ਕਰਨ ਅਤੇ ਉਧਾਰ ਦੇਣ ਲਈ (ਲੂਕਾ 6:35)
10. ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ (1 ਕੁਰਿੰਥੀਆਂ 9:16-18)
11. ਜੋ ਵੀ ਅਸੀਂ ਕਰਦੇ ਹਾਂ, ਉਹ ਮਨ ਤੋਂ ਪ੍ਰਭੂ ਲਈ ਕਰਨ ਲਈ (ਕੁਲੁੱਸੀਆਂ 3:23-24)
12. ਮਸੀਹ ਦੀ ਨਿੰਦਾ ਨੂੰ ਸਭ ਤੋਂ ਵੱਡੇ ਮੁੱਲ ਦੀ ਗਿਣਨ ਲਈ (ਇਬਰਾਨੀਆਂ 11:26)

2 ਯੂਹੰਨਾ 8 ਚੌਕਸ ਰਹੋ ਭਈ **ਜਿਹੜੇ ਕੰਮ ਅਸਾਂ ਕੀਤੇ ਸੋ ਤੁਸੀਂ ਨਾ ਵਿਗਾੜੋ** ਸਗੋਂ **ਪੂਰਾ ਫਲ ਪਰਾਪਤ ਕਰੋ।**

ਪਰਕਾਸ਼ ਦੀ ਪੋਥੀ 22:12 ਵੇਖ, **ਮੈਂ ਛੇਤੀ ਆਉਂਦਾ ਹਾਂ** ਅਤੇ **ਫਲ ਮੇਰੇ ਕੋਲ ਹੈ ਭਈ ਮੈਂ ਹਰੇਕ ਨੂੰ** ਜਿਹਾ ਜਿਸ ਦਾ ਕੰਮ ਹੈ ਤਿਹਾ ਉਹ ਨੂੰ **ਬਦਲਾ ਦਿਆਂ।**

ਅਸੀਂ ਇਸ ਦੇ ਲਈ ਮੁਕਟ ਪ੍ਰਾਪਤ ਕਰਾਂਗੇ:

1. ਪਰਤਾਵੇ ਵਿੱਚ ਬਣੇ ਰਹਿਣ ਲਈ ਅਤੇ ਉਸ ਨਾਲ ਪਿਆਰ ਕਰਨ ਲਈ (ਯਾਕੂਬ 1:12)
2. ਸਾਰੀਆਂ ਚੀਜ਼ਾਂ ਵਿੱਚ ਸੰਜਮ ਰੱਖਣ ਲਈ (1 ਕੁਰਿੰਥੀਆਂ 9:25)
3. ਉਨ੍ਹਾਂ ਲਈ ਜਿਨ੍ਹਾਂ ਨੂੰ ਅਸੀਂ ਜਿੱਤਿਆ ਅਤੇ ਚੇਲੇ ਬਣਾਇਆ (1 ਥੱਸਲੁਨੀਕੀਆਂ 2:19)
4. ਵਫ਼ਾਦਾਰ ਰਹਿਣ ਲਈ, ਆਪਣੀ ਦੌੜ ਨੂੰ ਪੂਰਾ ਕਰਨ ਲਈ, ਉਸ ਨਾਲ ਪਿਆਰ ਕਰਨ ਲਈ (2 ਤਿਮੋਥਿਉਸ 4:7-8)

ਪਰਕਾਸ਼ ਦੀ ਪੋਥੀ 3:11 ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ ਤਕੜਾਈ ਨਾਲ ਫੜੀ ਰੱਖ ਕਿਤੇ ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ।

2. ਲੇਲੇ ਦੇ ਵਿਆਹ ਦਾ ਭੋਜ

ਪਰਕਾਸ਼ ਦੀ ਪੋਥੀ 19:7-10 ਆਓ, ਅਸੀਂ ਅਨੰਦ ਕਰੀਏ ਅਤੇ ਨਿਹਾਲ ਹੋਈਏ, ਅਤੇ ਉਹ ਦੀ ਵਡਿਆਈ ਕਰੀਏ, **ਲੇਲੇ ਦਾ ਵਿਆਹ** ਜੋ ਆ ਗਿਆ ਹੈ, ਅਤੇ ਉਹ ਦੀ ਲਾੜੀ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ। (8) ਏਹ ਉਸ ਨੂੰ ਬਖਸ਼ਿਆ ਗਿਆ ਭਈ ਭੜਕੀਲੇ ਅਤੇ ਸਾਫ ਕਤਾਨ ਦੀ ਪੁਸ਼ਾਕ ਪਾਵੇ, ਏਹ ਕਤਾਨ ਤਾਂ ਸੰਤਾਂ ਦਾ ਧਰਮੀ ਕੰਮ ਹੈ। (9) ਤਾਂ ਓਨ ਮੈਨੂੰ ਆਖਿਆ, ਲਿਖ ਭਈ ਧੰਨ ਓਹ ਜਿਹੜੇ **ਲੇਲੇ ਦੇ ਵਿਆਹ ਦੀ ਦਾਉਤ** ਵਿੱਚ ਸੱਦੇ ਹੋਏ ਹਨ! ਅਤੇ ਓਨ ਮੈਨੂੰ ਆਖਿਆ ਭਈ ਏਹ ਪਰਮੇਸ਼ੁਰ ਦੀਆਂ ਸੱਚੀਆਂ ਗੱਲਾਂ ਹਨ।

## XIV. ਯਿਸੂ ਮਸੀਹ ਦੀ ਦੂਸਰੀ ਆਮਦ

ਮੱਤੀ 24:29-31 ਉਨ੍ਹਾਂ ਦਿਨਾਂ ਦੇ **ਕਸ਼ਟ ਦੇ ਪਿੱਛੋਂ** ਝੱਟ **ਸੂਰਜ ਅਨ੍ਹੇਰਾ ਹੋ ਜਾਵੇਗਾ** ਅਤੇ **ਚੰਦ ਆਪਣੀ ਚਾਨਣੀ ਨਾ ਦੇਵੇਗਾ** ਅਰ **ਤਾਰੇ** ਅਕਾਸ਼ ਤੋਂ **ਡਿੱਗ ਪੈਣਗੇ** ਅਤੇ **ਅਕਾਸ਼ਾਂ ਦੀਆਂ ਸ਼ਕਤੀਆਂ ਹਿਲਾਈਆਂ ਜਾਣਗੀਆਂ।** (30) ਤਦ **ਮਨੁੱਖ ਦੇ ਪੁੱਤਰ** ਦਾ ਨਿਸ਼ਾਨ ਅਕਾਸ਼ ਵਿੱਚ ਪਰਗਟ ਹੋਵੇਗਾ ਅਰ ਤਦੋਂ ਧਰਤੀ ਦੀਆਂ ਸਾਰੀਆਂ ਕੌਮਾਂ ਪਿੱਟਣਗੀਆਂ ਅਤੇ **ਮਨੁੱਖ ਦੇ ਪੁੱਤਰ** ਨੂੰ ਸਮਰੱਥਾ ਅਰ ਵੱਡੇ ਤੇਜ ਨਾਲ ਅਕਾਸ਼ ਦੇ ਬੱਦਲਾਂ ਉੱਤੇ **ਆਉਂਦਿਆਂ ਵੇਖਣਗੀਆਂ।** (31) ਅਤੇ ਉਹ ਤੁਰਹੀ ਦੀ ਵੱਡੀ ਅਵਾਜ਼ ਨਾਲ ਆਪਣੇ ਦੂਤਾਂ ਨੂੰ ਭੇਜੇਗਾ ਅਰ ਓਹ ਚੌਹਾਂ ਕੂੰਟਾਂ ਤੋਂ ਅਕਾਸ਼ ਦੇ ਉਸ ਸਿਰੇ ਤੋਂ ਲੈਕੇ ਐਸ ਸਿਰੇ ਤੀਕਰ **ਉਹ ਦੇ ਚੁਣਿਆਂ ਹੋਇਆਂ ਨੂੰ ਇਕੱਠਿਆਂ ਕਰਨਗੇ।**

- ਇੱਥੇ ਚੁਣੇ ਗਏ ਉਹ ਹੋਣਗੇ ਜੋ ਇਸਰਾਏਲ ਅਤੇ ਪਰਾਈਆਂ ਕੌਮਾਂ ਵਿੱਚੋਂ ਬਿਪਤਾ ਦੇ ਸਮੇਂ ਵਿਸ਼ਵਾਸ ਕਰਨਗੇ।

ਪਰਕਾਸ਼ ਦੀ ਪੋਥੀ 19:11-21 ਮੈਂ ਅਕਾਸ਼ ਨੂੰ ਖੁਲ੍ਹਿਆ ਹੋਇਆ ਡਿੱਠਾ, ਤਾਂ ਕੀ ਵੇਖਦਾ ਹਾਂ ਭਈ ਇੱਕ ਨੁਕਰਾ ਘੋੜਾ ਹੈ ਅਤੇ **ਉਹ** ਦਾ ਸਵਾਰ **ਵਫ਼ਾਦਾਰ ਅਤੇ ਸੱਚਾ** ਸਦਾਉਂਦਾ ਹੈ ਅਤੇ ਉਹ ਧਰਮ ਨਾਲ ਨਿਆਉਂ ਅਤੇ ਜੁੱਧ ਕਰਦਾ ਹੈ। (12) ਉਹ ਦੀਆਂ ਅੱਖੀਆਂ ਅੱਗ ਦੀ ਲਾਟ ਹਨ ਅਤੇ ਉਹ ਦੇ ਸਿਰ ਉੱਤੇ ਬਹੁਤ ਸਾਰੇ ਮੁਕਟ ਹਨ ਅਤੇ ਉਹ ਦਾ ਇੱਕ ਨਾਮ ਲਿਖਿਆ ਹੋਇਆ ਹੈ ਜਿਹ ਨੂੰ ਉਹ ਦੇ ਬਿਨਾ ਹੋਰ ਕੋਈ ਨਹੀਂ ਜਾਣਦਾ। (13) ਅਤੇ ਉਹ ਇੱਕ ਬਸਤਰ ਲਹੂ ਨਾਲ ਛਿੜਕਿਆ ਹੋਇਆ ਪਹਿਨੇ ਹੋਏ ਹੈ ਅਤੇ ਉਹ ਦਾ ਨਾਮ **ਪਰਮੇਸ਼ੁਰ ਦਾ ਸ਼ਬਦ** ਅਖਵਾਉਂਦਾ ਹੈ।

ਸਾਰੇ ਵਿਸ਼ਵਾਸੀ, ਉਸ ਦੀ ਕਲੀਸਿਯਾ, ਉਸ ਦੀ ਲਾੜੀ, ਉਸ ਦੇ ਨਾਲ ਵਾਪਸ ਆਉਣਗੇ।

(14) ਅਤੇ ਜਿਹੜੀਆਂ ਫੌਜਾਂ ਸੁਰਗ ਵਿੱਚ ਹਨ ਓਹ ਚਿੱਟੇ ਅਤੇ ਸਾਫ਼ ਕਤਾਨੀ ਕੱਪੜੇ ਪਹਿਨੀ ਨੁਕਰਿਆਂ ਘੋੜਿਆਂ ਉੱਤੇ ਉਹ ਦੇ ਮਗਰ ਮਗਰ ਆਉਂਦੀਆਂ ਹਨ। (15) ਅਤੇ ਉਹ ਦੇ ਮੂੰਹ ਵਿੱਚੋਂ ਇੱਕ **ਤਿੱਖੀ ਤਲਵਾਰ** ਨਿੱਕਲਦੀ ਹੈ ਭਈ ਓਸ ਨਾਲ ਉਹ ਕੌਮਾਂ ਨੂੰ ਮਾਰੇ ਅਤੇ **ਉਹ ਲੋਹੇ ਦੇ ਡੰਡੇ ਨਾਲ** ਓਹਨਾਂ ਉੱਤੇ **ਹਕੂਮਤ ਕਰੇਗਾ**, ਅਤੇ ਉਹ ਪਰਮੇਸ਼ੁਰ ਸਰਬ ਸ਼ਕਤੀਮਾਨ ਦੇ ਅੱਤ ਵੱਡੇ ਕ੍ਰੋਧ ਦੀ ਮੈ ਦੇ ਚੁਬੱਚੇ ਨੂੰ ਲਿਤਾੜਦਾ ਹੈ। (16) ਉਹ ਦੇ ਬਸਤਰ ਉੱਤੇ ਅਰ ਉਹ ਦੇ ਪੱਟ ਉੱਤੇ ਇਹ ਨਾਮ ਲਿਖਿਆ ਹੋਇਆ ਹੈ,—**ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ।**

(19) ਫੇਰ ਮੈਂ ਵੇਖਿਆ ਭਈ ਉਹ **ਦਰਿੰਦਾ** ਅਤੇ **ਧਰਤੀ ਦੇ ਰਾਜੇ** ਅਤੇ ਉਨ੍ਹਾਂ ਦੀਆਂ ਫੌਜਾਂ ਇਕੱਠੀਆਂ ਹੋਈਆਂ ਭਈ ਉਹ ਦੇ ਨਾਲ ਜਿਹੜਾ ਘੋੜੇ ਉੱਤੇ ਸਵਾਰ ਸੀ ਅਤੇ **ਉਹ ਦੀ ਫੌਜ ਨਾਲ ਜੁੱਧ ਕਰਨ।**

ਦਰਿੰਦੇ ਅਤੇ ਝੂਠੇ ਨਬੀ ਦਾ ਨਾਸ

(20) ਅਤੇ **ਉਹ ਦਰਿੰਦਾ ਫੜਿਆ ਗਿਆ** ਅਤੇ ਉਹ ਦੇ ਨਾਲ **ਉਹ ਝੂਠਾ ਨਬੀ ਭੀ** ਜਿਹ ਨੇ ਉਹ ਦੇ ਸਾਹਮਣੇ ਓਹ ਨਿਸ਼ਾਨੀਆਂ ਵਿਖਾਈਆਂ ਜਿਨ੍ਹਾਂ ਨਾਲ ਉਸ ਨੇ ਓਹਨਾਂ ਨੂੰ ਭਰਮਾ ਛੱਡਿਆ ਸੀ ਜਿਨ੍ਹਾਂ ਉਸ ਦਰਿੰਦੇ ਦਾ ਦਾਗ ਲੁਆਇਆ ਸੀ, ਨਾਲੇ ਓਹਨਾਂ ਨੂੰ ਜਿਹੜੇ ਉਹ ਦੀ ਮੂਰਤੀ ਪੂਜਾ ਕਰਦੇ ਸਨ। ਏਹ ਦੋਵੇਂ **ਓਸ ਅੱਗ ਦੀ ਝੀਲ ਵਿੱਚ** ਜਿਹੜੀ ਗੰਧਕ ਨਾਲ ਬਲਦੀ ਹੈ **ਜੀਉਂਦੇ ਜੀ ਸੁੱਟੇ ਗਏ!** (21) ਅਤੇ ਹੋਰ ਸਭ ਓਸ ਘੋੜੇ ਦੇ ਸਵਾਰ ਦੀ ਤਲਵਾਰ ਨਾਲ ਜੋ ਉਹ ਦੇ ਮੂੰਹ ਵਿੱਚੋਂ ਨਿੱਕਲਦੀ ਸੀ ਵੱਢੇ ਗਏ ਅਤੇ ਸਾਰੇ ਪੰਛੀ ਓਹਨਾਂ ਦੇ ਮਾਸ ਨਾਲ ਰੱਜ ਗਏ।

ਸ਼ਤਾਨ ਇੱਕ ਹਜ਼ਾਰ ਸਾਲ ਲਈ ਬੰਨ੍ਹਿਆ ਗਿਆ ਹੈ

(20:1) ਮੈਂ ਇੱਕ **ਦੂਤ** ਨੂੰ **ਅਥਾਹ ਕੁੰਡ ਦੀ ਕੁੰਜੀ** ਅਤੇ **ਇੱਕ ਵੱਡਾ ਸੰਗਲ** ਆਪਣੇ ਹੱਥ ਵਿੱਚ ਲਈ ਅਕਾਸ਼ੋਂ ਉਤਰਦੇ ਵੇਖਿਆ। (2) ਅਤੇ ਉਹ ਨੇ ਅਜਗਰ ਨੂੰ ਅਰਥਾਤ ਓਸ ਪੁਰਾਣੇ ਸੱਪ ਨੂੰ ਜਿਹੜਾ **ਇਬਲੀਸ** ਅਤੇ **ਸ਼ਤਾਨ** ਹੈ **ਫੜਿਆ ਅਤੇ ਹਜ਼ਾਰ ਵਰ੍ਹੇ ਤੀਕ ਉਹ ਨੂੰ ਜਕੜ ਰੱਖਿਆ।** (3) ਅਤੇ **ਉਹ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ** ਅਤੇ ਇਹ ਨੂੰ ਮੁੰਦ ਕੇ ਉਹ ਦੇ ਉੱਤੇ ਮੋਹਰ ਲਾਈ ਭਈ ਉਹ ਕੌਮਾਂ ਨੂੰ ਫੇਰ ਨਾ ਭਰਮਾਵੇ **ਜਿੰਨਾ ਚਿਰ ਹਜ਼ਾਰ ਵਰ੍ਹਾ ਪੂਰਾ ਨਾ ਹੋ ਲਵੇ।** ਇਹ ਦੇ ਮਗਰੋਂ ਜ਼ਰੂਰ ਹੈ ਭਈ ਉਹ ਥੋੜੇ ਚਿਰ ਲਈ ਛੱਡਿਆ ਜਾਵੇ।

(4) ਮੈਂ **ਗੱਦੀਆਂ** ਵੇਖੀਆਂ ਅਤੇ **ਓਹ** ਉਨ੍ਹਾਂ ਉੱਤੇ ਬੈਠੇ ਹੋਏ ਸਨ (ਪਰਕਾਸ਼ ਦੀ ਪੋਥੀ 3:21) ਅਤੇ **ਨਿਆਉਂ ਕਰਨ ਦਾ ਓਹਨਾਂ ਨੂੰ ਇਖ਼ਤਿਆਰ ਦਿੱਤਾ ਗਿਆ** ਅਤੇ ਮੈਂ ਓਹਨਾਂ ਦੇ ਜੀਵਾਂ ਨੂੰ ਵੇਖਿਆ ਜਿਨ੍ਹਾਂ ਦੇ ਸਿਰ ਯਿਸੂ ਦੀ ਗਵਾਹੀ ਦੇ ਕਾਰਨ ਅਤੇ ਪਰਮੇਸ਼ੁਰ ਦੇ ਬਚਨ ਦੇ ਕਾਰਨ **ਵੱਢੇ ਗਏ** ਸਨ ਜਿਨ੍ਹਾਂ ਓਸ **ਦਰਿੰਦੇ ਦੀ** ਯਾ ਉਹ ਦੀ ਮੂਰਤੀ ਦੀ **ਪੂਜਾ ਨਹੀਂ ਕੀਤੀ ਸੀ** ਅਤੇ ਉਹ **ਦਾਗ** ਆਪਣੇ ਮੱਥੇ ਅਤੇ ਆਪਣੇ ਹੱਥ ਉੱਤੇ **ਨਹੀਂ ਲੁਆਇਆ ਸੀ।** ਓਹ ਜੀ ਉੱਠੇ (ਉਨ੍ਹਾਂ ਦਾ ਪੁਨਰ ਉੱਥਾਨ ਸਰੀਰਾਂ ਦਾ ਜੀ ਉੱਠਣਾ) ਅਤੇ **ਹਜ਼ਾਰ ਵਰ੍ਹੇ ਮਸੀਹ ਦੇ ਨਾਲ ਰਾਜ ਕਰਦੇ ਰਹੇ।** (5) ਬਾਕੀ ਦੇ ਮੁਰਦੇ ਹਜ਼ਾਰ ਵਰ੍ਹੇ ਦੇ ਪੂਰੇ ਹੋਣ ਤੀਕ ਜੀ ਨਾ ਉੱਠੇ। ਇਹ **ਪਹਿਲੀ ਕਿਆਮਤ** ਹੈ। (6) ਧੰਨ ਅਤੇ ਪਵਿੱਤਰ ਉਹ ਜਿਹੜਾ ਪਹਿਲੀ ਕਿਆਮਤ ਵਿੱਚ ਸ਼ਾਮਿਲ ਹੈ! ਏਹਨਾਂ ਉੱਤੇ **ਦੂਈ ਮੌਤ ਦਾ ਕੁਝ ਵੱਸ ਨਹੀਂ** ਸਗੋਂ **ਓਹ** ਪਰਮੇਸ਼ੁਰ ਅਤੇ ਮਸੀਹ ਦੇ **ਜਾਜਕ** ਹੋਣਗੇ ਅਤੇ ਉਹ ਦੇ ਨਾਲ ਹਜ਼ਾਰ ਵਰ੍ਹੇ **ਰਾਜ ਕਰਨਗੇ।**

ਸਾਰੇ ਵਿਸ਼ਵਾਸੀ ਉਸ ਨਾਲ ਰਾਜ ਕਰਨਗੇ:

ਪਰਕਾਸ਼ ਦੀ ਪੋਥੀ 5:9-10 9 ਤੂੰ ਕੋਹਿਆ ਗਿਆ ਸੈਂ, ਅਤੇ ਤੈਂ ਆਪਣੇ ਲਹੂ ਨਾਲ ਹਰੇਕ **ਗੋਤ**, **ਭਾਖਿਆ**, **ਉੱਮਤ** ਅਤੇ **ਕੌਮ** ਵਿੱਚੋਂ ਪਰਮੇਸ਼ੁਰ ਦੇ ਲਈ ਲੋਕਾਂ ਨੂੰ ਮੁੱਲ ਲਿਆ, ਅਤੇ ਓਹਨਾਂ ਨੂੰ ਸਾਡੇ ਪਰਮੇਸ਼ੁਰ ਲਈ, **ਇੱਕ ਪਾਤਸ਼ਾਹੀ** ਅਤੇ **ਜਾਜਕ** ਬਣਾਇਆ, **ਅਤੇ ਓਹ ਧਰਤੀ ਉੱਤੇ ਰਾਜ ਕਰਨਗੇ।**

ਕੇਵਲ ਇੱਕ ਹਜ਼ਾਰ ਸਾਲ ਲਈ ਨਹੀਂ ਬਲਕਿ ਸਦਾ ਲਈ:

> ਪਰਕਾਸ਼ ਦੀ ਪੋਥੀ 22:5 ਅਤੇ ਹੁਣ ਅਗਾਹਾਂ ਨੂੰ ਰਾਤ ਨਾ ਹੋਵੇਗੀ ਅਤੇ ਓਹਨਾਂ ਨੂੰ ਦੀਵੇ ਦੀ ਲੋ ਸਗੋਂ ਸੂਰਜ ਦੇ ਚਾਨਣ ਦੀ ਕੁਝ ਲੋੜ ਨਹੀਂ ਕਿਉਂ ਜੋ ਪ੍ਰਭੂ ਪਰਮੇਸ਼ੁਰ ਓਹਨਾਂ ਨੂੰ ਚਾਨਣ ਕਰੇਗਾ, ਅਤੇ **ਓਹ ਜੁੱਗੋ ਜੁੱਗ ਰਾਜ ਕਰਨਗੇ।**

ਧਰਤੀ ਉੱਤੇ ਸਾਡਾ ਰਹਿਣ ਦਾ ਸਮਾਂ ਭਵਿੱਖ ਵਿੱਚ ਪ੍ਰਭੂ ਨਾਲ ਰਾਜ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਨ ਦੇ ਮਕਸਦ ਲਈ ਹੈ।

> ਹੇ ਮੇਰੇ ਭਰਾਵੋ, ਜਾਂ ਤੁਸੀਂ ਭਾਂਤ ਭਾਂਤ ਦੇ ਪਰਤਾਵਿਆਂ ਵਿੱਚ ਪਵੋ ਤਾਂ ਇਹ ਨੂੰ ਪੂਰਨ ਅਨੰਦ ਦੀ ਗੱਲ ਜਾਣੋ।
> ਯਾਕੂਬ 1:2

ਅੱਗੇ ਦਿੱਤੇ ਦ੍ਰਿਸ਼ਟਾਂਤਾਂ ਨੂੰ ਵੇਖੋ ਜੋ ਯਿਸੂ ਨੇ ਸੁਣਾਏ:

ਲੂਕਾ 19:12-14 ਸੋ ਉਸ ਨੇ ਆਖਿਆ ਕਿ ਇੱਕ ਅਮੀਰ (ਯਿਸੂ ਮਸੀਹ) ਦੂਰ ਦੇਸ ਨੂੰ ਗਿਆ ਜੋ ਆਪਣੇ ਲਈ ਪਾਤਸ਼ਾਹੀ ਲੈ ਕੇ ਮੁੜ ਆਵੇ (ਯਿਸੂ ਸਵਰਗ ਨੂੰ ਵਾਪਸ ਚਲਾ ਗਿਆ ਹੈ)। ਅਤੇ ਉਸ ਨੇ ਆਪਣੇ ਦਸਾਂ ਨੌਕਰਾਂ (ਮੈਨੂੰ ਅਤੇ ਤੁਹਾਨੂੰ) ਨੂੰ ਸੱਦ ਕੇ (ਸਾਰਿਆਂ ਨੂੰ ਨਹੀਂ) ਉਨ੍ਹਾਂ ਨੂੰ ਦਸ ਅਸ਼ਰਫ਼ੀਆਂ (ਦਾਤਾਂ ਅਤੇ ਤੋੜੇ) ਦਿੱਤੀਆਂ ਅਤੇ ਉਨ੍ਹਾਂ ਨੂੰ ਕਿਹਾ, ਜਦ ਤੀਕੁਰ ਮੈਂ ਨਾ ਆਵਾਂ ਤੁਸੀਂ ਬਣਜ ਬੁਪਾਰ ਕਰੋ। (15-19) ਐਉਂ ਹੋਇਆ ਕਿ ਜਾਂ ਉਹ ਪਾਤਸ਼ਾਹੀ ਲੈ ਕੇ ਮੁੜ ਆਇਆ ਤਾਂ ਓਹਨਾਂ ਨੌਕਰਾਂ ਨੂੰ ਜਿਨ੍ਹਾਂ ਨੂੰ ਉਸ ਨੇ ਰੁਪਏ ਦਿੱਤੇ ਸਨ ਸੱਦਣ ਦਾ ਹੁਕਮ (ਉਠਾਇਆ ਜਾਣਾ) ਕੀਤਾ ਤਾਂ ਜੋ ਮਲੂਮ ਕਰੇ ਭਈ ਉਨ੍ਹਾਂ ਬੁਪਾਰ ਕਰ ਕੇ ਕੀ ਖੱਟਿਆ। ਤਦ ਪਹਿਲੇ ਆਣ ਕੇ ਕਿਹਾ, ਸੁਆਮੀ ਜੀ, ਤੁਹਾਡੀ ਅਸ਼ਰਫ਼ੀ ਨੇ ਦਸ ਅਸ਼ਰਫ਼ੀਆਂ ਹੋਰ ਕਮਾਈਆਂ। ਤਾਂ ਓਨ ਉਸ ਨੂੰ ਆਖਿਆ, ਹੇ ਅੱਛੇ ਨੌਕਰ **ਸ਼ਾਬਾਸ਼ੇ! ਇਸ ਲਈ ਜੋ ਤੂੰ ਬਹੁਤ ਥੋੜੇ ਵਿੱਚ ਮਾਤਬਰ ਨਿੱਕਲਿਆ ਤੂੰ ਦਸਾਂ ਨਗਰਾਂ ਉੱਤੇ ਇਖ਼ਤਿਆਰ ਰੱਖ।** ਅਤੇ ਦੂਏ ਨੇ ਆਣ ਕੇ ਕਿਹਾ, ਸੁਆਮੀ ਜੀ, ਤੁਹਾਡੀ ਅਸ਼ਰਫ਼ੀ ਨੇ ਪੰਜ ਅਸ਼ਰਫ਼ੀਆ ਹੋਰ ਕਮਾਈਆਂ। ਤਾਂ ਉਸ ਨੇ ਉਹ ਨੂੰ ਵੀ ਆਖਿਆ ਕਿ **ਤੂੰ ਵੀ ਪੰਜਾਂ ਨਗਰਾਂ ਉੱਤੇ ਹੋ।**

ਹਜ਼ਾਰ ਸਾਲ ਦਾ ਰਾਜ ਨੂੰ ਪ੍ਰਭੂ ਦੇ ਦਿਨ ਦੇ ਰੂਪ ਵਿੱਚ ਪ੍ਰਸਿੱਧ ਹੈ।

> 2 ਪਤਰਸ 3:8 ਹੇ ਪਿਆਰਿਓ, ਇੱਕ ਇਹ ਗੱਲ ਤੁਹਾਥੋਂ ਭੁੱਲੀ ਨਾ ਰਹੇ ਭਈ **ਪ੍ਰਭੂ ਦੇ ਅੱਗੇ ਇੱਕ ਦਿਨ ਹਜ਼ਾਰ ਵਰਹੇ ਜਿਹਾ ਹੈ** ਅਤੇ ਹਜ਼ਾਰ ਵਰਹਾ ਇੱਕ ਦਿਨ ਜਿਹਾ ਹੈ।

## XV. ਆਖਰੀ ਨਿਆਂ - ਪਰਮੇਸ਼ੁਰ ਦੇ ਮਹਾਨ ਚਿੱਟੇ ਸਿੰਘਾਸਣ ਦੇ ਸਾਹਮਣੇ

2 ਪਤਰਸ 2:5 ਅਤੇ ਨਾ ਪੁਰਾਣੇ ਸੰਸਾਰ ਨੂੰ ਛੱਡਿਆ ਸਗੋਂ ਜਿਸ ਵੇਲੇ ਕੁਧਰਮੀਆਂ ਦੇ ਸੰਸਾਰ ਉੱਤੇ ਪਰਲੋ-ਆਂਦੀ ਤਾਂ **ਨੂਹ ਨੂੰ** ਜਿਹੜਾ ਧਰਮ ਦਾ ਪਰਚਾਰਕ ਸੀ ਸੱਤਾਂ ਹੋਰਨਾਂ ਸਣੇ **ਬਚਾ ਲਿਆ।**
(7-8) ਅਤੇ **ਲੂਤ ਨੂੰ ਜਿਹੜਾ ਧਰਮੀ ਸੀ** ਦੁਸ਼ਟਾਂ ਦੇ ਲੁੱਚਪੁਣੇ ਦੀ ਚਾਲ ਤੋਂ ਜਿੱਚ ਹੁੰਦਾ ਸੀ **ਬਚਾ ਲਿਆ।** (8) (ਕਿਉਂ ਜੋ ਉਹ ਧਰਮੀ ਪੁਰਖ ਉਨ੍ਹਾਂ ਵਿੱਚ ਵਸਦਿਆਂ ਵੇਖ ਸੁਣ ਕੇ ਦਿਨੋ ਦਿਨ ਆਪਣੀ ਧਰਮੀ ਜਾਨ ਨੂੰ ਉਨ੍ਹਾਂ ਦਿਆਂ ਭੈੜਿਆਂ ਕਰਮਾਂ ਤੋਂ ਦੁਖੀ ਕਰਦਾ ਸੀ)
(9-10) ਤਾਂ ਪ੍ਰਭੂ **ਭਗਤਾਂ ਨੂੰ** ਪਰਤਾਵੇ ਵਿੱਚੋਂ **ਕੱਢਣਾ** ਅਤੇ **ਕੁਧਰਮੀਆਂ** ਨੂੰ **ਨਿਆਉਂ ਦੇ ਦਿਨ** ਤੀਕ ਸਜ਼ਾ ਹੇਠ ਰੱਖਣਾ ਜਾਣਦਾ ਹੈ! (10) ਪਰ ਬਹੁਤ ਕਰਕੇ ਉਨ੍ਹਾਂ ਨੂੰ ਜਿਹੜੇ ਸਰੀਰ ਦੇ ਅਨੁਸਾਰ ਗੰਦੀ ਕਾਮਨਾ ਵਿੱਚ ਚੱਲਦੇ ਹਨ ਅਤੇ ਹਕੂਮਤ ਨੂੰ ਤੁੱਛ ਜਾਣਦੇ ਹਨ। ਓਹ ਢੀਠ ਅਤੇ ਮਨ ਮਤੀਏ ਹਨ ਅਤੇ ਪਰਤਾਪ ਵਾਲਿਆਂ ਦੀ ਨਿੰਦਿਆ ਕਰਨੋਂ ਨਹੀਂ ਡਰਦੇ।
2 ਪਤਰਸ 3:7 ਪਰ ਅਕਾਸ਼ ਅਤੇ ਧਰਤੀ ਜਿਹੜੇ ਹੁਣ ਹਨ **ਸਾੜੇ ਜਾਣ** ਲਈ ਓਸੇ ਬਚਨ ਨਾਲ ਰੱਖ ਛੱਡੇ ਹੋਏ ਹਨ ਅਤੇ ਭਗਤੀਹੀਣ ਮਨੁੱਖਾਂ ਦੇ **ਨਿਆਉਂ ਅਤੇ ਨਾਸ ਹੋਣ ਦੇ ਦਿਨ** ਤੀਕ ਸਾਂਭੇ ਰਹਿਣਗੇ . . . (10) ਪਰੰਤੂ **ਪ੍ਰਭੂ ਦਾ ਦਿਨ** ਚੋਰ ਵਾਂਙੁ ਆਵੇਗਾ ਜਿਹ ਦੇ ਵਿੱਚ **ਅਕਾਸ਼** ਸਰਨਾਟੇ ਨਾਲ **ਜਾਂਦੇ ਰਹਿਣਗੇ** ਅਤੇ **ਮੂਲ ਵਸਤਾਂ ਵੱਡੇ ਤਾਉ** ਨਾਲ **ਤਪ ਕੇ ਢਲ ਜਾਣਗੀਆਂ** ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ **ਜਲ ਬਲ ਜਾਵੇਗੀ।** (11) ਜਦੋਂ ਏਹ ਸੱਭੇ ਵਸਤਾਂ ਇਉਂ ਢਲ ਜਾਣ ਵਾਲੀਆਂ ਹਨ **ਤਾਂ ਤੁਹਾਨੂੰ ਹਰ ਪਰਕਾਰ ਦੇ ਪਵਿੱਤਰ ਚਲਣ ਵਿੱਚ ਅਤੇ ਭਗਤੀ ਵਿੱਚ ਕੇਹੋ ਜੇਹੇ ਹੋਣਾ ਚਾਹੀਦਾ ਹੈ?**

(12) ਅਤੇ **ਪਰਮੇਸ਼ੁਰ ਦੇ ਉਸ ਦਿਨ** ਦੇ ਆਉਣ ਨੂੰ ਉਡੀਕਦੇ ਅਤੇ ਲੋਚਦੇ ਰਹੋ ਜਿਹ ਦੇ ਕਾਰਨ ਅਕਾਸ਼ ਬਲ ਕੇ ਢਲ ਜਾਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਪੱਘਰ ਜਾਣਗੀਆ। (13) ਪਰ ਉਹ ਦੇ ਬਚਨ ਦੇ ਅਨੁਸਾਰ **ਅਸੀਂ ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੀ ਉਡੀਕ ਕਰਦੇ ਹਾਂ ਜਿਨ੍ਹਾਂ ਵਿੱਚ ਧਰਮ ਵੱਸਦਾ ਹੈ।** (14) ਇਸ ਲਈ ਹੇ ਪਿਆਰਿਓ, ਜਦੋਂ ਤੁਸੀਂ ਇਨ੍ਹਾਂ ਗੱਲਾਂ ਦੀ ਉਡੀਕ ਕਰਦੇ ਹੋ ਤਾਂ ਜਤਨ ਕਰੋ ਭਈ ਤੁਸੀਂ ਸ਼ਾਂਤੀ ਨਾਲ ਉਹ ਦੇ ਅੱਗੇ ਨਿਰਮਲ ਅਤੇ ਨਿਹਕਲੰਕ ਠਹਿਰੋ।

ਪਰਕਾਸ਼ ਦੀ ਪੋਥੀ 20:11–21:6 ਫੇਰ ਮੈਂ ਇੱਕ **ਵੱਡਾ ਅਤੇ ਚਿੱਟਾ ਸਿੰਘਾਸਣ** ਅਤੇ **ਉਹ ਨੂੰ** ਜਿਹੜਾ ਓਸ ਉੱਤੇ ਬਿਰਾਜਮਾਨ ਸੀ ਵੇਖਿਆ ਜਿਹ ਦੇ ਸਾਹਮਣਿਓਂ ਧਰਤੀ ਅਤੇ ਅਕਾਸ਼ ਨੱਸ ਗਏ ਅਤੇ ਓਹਨਾਂ ਦੇ ਲਈ ਕੋਈ ਥਾਂ ਨਾ ਮਿਲਿਆ। (12) ਅਤੇ ਮੈਂ **ਮੁਰਦਿਆਂ** ਨੂੰ ਕੀ ਵੱਡੇ ਕੀ ਛੋਟੇ **ਸਿੰਘਾਸਣ ਦੇ ਅੱਗੇ ਖਲੋਤਿਆਂ** ਵੇਖਿਆ, ਅਤੇ **ਪੋਥੀਆਂ ਖੋਲ੍ਹੀਆਂ ਗਈਆਂ** ਅਤੇ ਇੱਕ ਹੋਰ ਪੋਥੀ ਜਿਹੜੀ **ਜੀਵਨ ਦੀ ਪੋਥੀ** ਹੈ ਖੋਲ੍ਹੀ ਗਈ ਅਤੇ **ਮੁਰਦਿਆਂ ਦਾ ਨਿਆਉਂ** ਪੋਥੀਆਂ ਵਿੱਚ ਲਿਖੀਆਂ ਹੋਇਆਂ ਗੱਲਾਂ ਤੋਂ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ **ਕੀਤਾ ਗਿਆ।** (13) ਅਤੇ ਸਮੁੰਦਰ ਨੇ ਓਹ ਮੁਰਦੇ ਜਿਹੜੇ ਉਹ ਦੇ ਵਿੱਚ ਸਨ ਮੋੜ ਦਿੱਤੇ ਅਤੇ **ਕਾਲ ਅਤੇ ਪਤਾਲ ਨੇ ਓਹ ਮੁਰਦੇ** ਜਿਹੜੇ ਓਹਨਾਂ ਵਿੱਚ ਸਨ **ਮੋੜ ਦਿੱਤੇ**, ਅਤੇ ਹਰੇਕ ਦਾ **ਨਿਆਉਂ ਉਹ ਦੀਆਂ ਕਰਨੀਆਂ ਦੇ ਅਨੁਸਾਰ ਕੀਤਾ ਗਿਆ।** (14) ਤਾਂ **ਕਾਲ ਅਤੇ ਪਤਾਲ ਅੱਗ ਦੀ ਝੀਲ ਵਿੱਚ ਸੁੱਟੇ ਗਏ।** ਇਹ ਦੂਈ ਮੌਤ ਹੈ ਅਰਥਾਤ ਅੱਗ ਦੀ ਝੀਲ। (15) ਅਤੇ ਜੇ ਕੋਈ ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਨਾ ਲੱਭਾ ਤਾਂ ਉਹ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ।

ਮੱਤੀ ਉਤਾਂਹ ਦਿੱਤੇ ਦਾ ਵਰਣਨ ਇਸ ਤਰ੍ਹਾਂ ਕਰਦਾ ਹੈ:

ਮੱਤੀ 25:31–42 ਜਦ **ਮਨੁੱਖ ਦਾ ਪੁੱਤਰ ਆਪਣੇ ਤੇਜ** ਨਾਲ ਸਾਰੇ ਦੂਤਾਂ ਸਣੇ ਆਵੇਗਾ ਤਦ **ਉਹ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ।** (32) ਅਰ **ਸਭ ਕੌਮਾਂ** (ਸਭ ਜਾਤੀ ਸਮੂਹ) **ਉਹ ਦੇ ਅੱਗੇ ਇਕੱਠੀਆਂ ਕੀਤੀਆਂ** ਜਾਣਗੀਆਂ ਅਰ **ਜਿਸ ਤਰਾਂ** ਅਯਾਲੀ **ਭੇਡਾਂ ਨੂੰ ਬੱਕਰੀਆਂ** ਵਿੱਚੋਂ ਵੱਖਰਿਆਂ ਕਰਦਾ ਹੈ ਓਸੇ ਤਰਾਂ ਉਹ **ਉਨ੍ਹਾਂ ਨੂੰ** ਇੱਕ ਦੂਏ ਤੋਂ **ਵੱਖਰਾ ਕਰੇਗਾ।** (33) ਅਤੇ ਉਹ **ਭੇਡਾਂ ਨੂੰ ਆਪਣੇ ਸੱਜੇ ਪਾਸੇ** ਅਰ **ਬੱਕਰੀਆਂ ਨੂੰ ਖੱਬੇ ਪਾਸੇ** ਖੜਿਆਂ ਕਰੇਗਾ। (34) ਤਦ **ਪਾਤਸ਼ਾਹ** ਉਨ੍ਹਾਂ ਨੂੰ ਜਿਹੜੇ **ਉਹ ਦੇ ਸੱਜੇ ਪਾਸੇ** ਹੋਣ ਆਖੇਗਾ, ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ **ਆਓ! ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹ ਦੇ ਵਾਰਸ ਹੋਵੋ।** (35) ਕਿਉਂ ਜੋ ਮੈਂ ਭੁੱਖਾ ਸਾਂ ਅਤੇ ਤੁਸਾਂ ਮੈਨੂੰ ਖਾਣ ਨੂੰ ਦਿੱਤਾ, ਮੈਂ ਤਿਹਾਇਆ ਸਾਂ ਅਤੇ ਤੁਸਾਂ ਮੈਨੂੰ ਪਿਆਇਆ, ਮੈਂ ਪਰਦੇਸੀ ਸਾਂ ਅਰ ਤੁਸਾਂ ਮੈਨੂੰ ਆਪਣੇ ਘਰ ਉਤਾਰਿਆ।
. . . (40) **ਪਾਤਸ਼ਾਹ** ਉਨ੍ਹਾਂ ਨੂੰ ਉੱਤਰ ਦੇਵੇਗਾ, ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜਦ **ਤੁਸਾਂ** ਮੇਰੇ ਇਨ੍ਹਾਂ ਸਭਨਾਂ ਤੋਂ ਛੋਟੇ ਭਰਾਵਾਂ ਵਿੱਚੋਂ ਇੱਕ ਨਾਲ ਇਹ ਕੀਤਾ ਤਾਂ **ਮੇਰੇ ਨਾਲ ਕੀਤਾ।** (41) ਤਦ ਜਿਹੜੇ **ਖੱਬੇ ਪਾਸੇ** ਹੋਣ ਉਨ੍ਹਾਂ ਨੂੰ ਵੀ ਉਹ ਕਹੇਗਾ, **ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿੱਚ ਚੱਲੇ ਜਾਓ** ਜਿਹੜੀ ਸ਼ਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ।

- ਕ੍ਰਿਪਾ ਕਰਕੇ ਇਸ ਉੱਤੇ ਧਿਆਨ ਦੇਵੋ: ਭੇਡਾਂ ਅਤੇ ਬੱਕਰੀਆਂ ਨੂੰ ਵੱਖ ਕਰਨਾ ਸਾਡਾ ਕੰਮ ਨਹੀਂ ਹੈ।

ਇਹ ਵੀ, ਉਨ੍ਹਾਂ ਲੋਕਾਂ ਲਈ **ਸਦੀਪਕ ਅੱਗ** ਕਿਉਂ ਜੋ ਵਿਸ਼ਵਾਸ ਨਹੀਂ ਕਰਦੇ ਹਨ? ਕੀ ਇਹ **ਸਦੀਪਕ ਅੱਗ** ਲਈ ਸੰਤੋਸ਼ਜਨਕ ਕਾਰਣ ਹੈ??

ਇਸ ਉੱਤਰ ਦੀ ਫਿਰ ਤੋਂ ਕਣਕ ਅਤੇ ਜੰਗਲੀ ਬੂਟੀ ਦੇ ਦ੍ਰਿਸ਼ਟਾਂਤ ਵਿੱਚ ਵਧਾ ਕੇ ਵਿਆਖਿਆ ਕੀਤੀ ਗਈ ਹੈ। ਉਹ ਕੇਵਲ "ਵਿਸ਼ਵਾਸ ਹੀ ਨਹੀਂ ਕਰਦੇ" ਉਹ "ਸ਼ਤਾਨ ਦਾ ਬੀਜ" ਹਨ। ਜਿਸ ਨੂੰ ਸ਼ਤਾਨ ਨੇ ਬੀਜਿਆ ਹੈ ਤਾਂ ਜੋ ਪਰਮੇਸ਼ੁਰ ਦੀ ਯੋਜਨਾ ਨੂੰ ਖਰਾਬ ਕਰੇ ਅਤੇ "ਉਸ ਦੇ ਬੀਜ," ਉਸ ਦੀ ਸੰਤਾਨ ਨੂੰ ਨੁਕਸਾਨ ਪਹੁੰਚਾਵੇ। ਪਹਿਲਾਂ ਜਲ ਪਰਲੋ ਅਤੇ ਅਖੀਰ **ਸਦੀਪਕ ਅੱਗ।**

ਮੱਤੀ 13:38–43 . . . ਚੰਗਾ ਬੀ **ਰਾਜ ਦੇ ਪੁੱਤਰ** ਅਤੇ ਜੰਗਲੀ ਬੂਟੀ **ਦੁਸ਼ਟ ਦੇ ਪੁੱਤਰ** ਹਨ। (39) ਅਤੇ ਜਿਸ ਵੈਰੀ ਨੇ ਉਹ ਨੂੰ ਬੀਜਿਆ ਉਹ **ਸ਼ਤਾਨ** ਹੈ। ਵਾਢੀ ਦਾ ਵੇਲਾ ਜੁਗ ਦਾ ਅੰਤ ਹੈ ਅਰ ਵੱਢਣ ਵਾਲੇ ਦੂਤ ਹਨ। (40) ਸੋ ਜਿਸ ਪਰਕਾਰ **ਜੰਗਲੀ ਬੂਟੀ** ਇਕੱਠੀ ਕੀਤੀ ਅਤੇ **ਅੱਗ ਵਿੱਚ ਫੂਕੀ ਜਾਂਦੀ ਹੈ** ਉਸੇ ਪਰਕਾਰ ਇਸ ਜੁਗ ਦੇ ਅੰਤ ਦੇ ਸਮੇ ਹੋਵੇਗਾ। (41) ਮਨੁੱਖ ਦਾ ਪੁੱਤਰ ਆਪਣਿਆਂ ਦੂਤਾਂ ਨੂੰ ਘੱਲੇਗਾ ਅਤੇ ਓਹ ਉਸ ਦੇ ਰਾਜ ਵਿੱਚੋਂ **ਸਾਰੀਆਂ ਠੋਕਰ ਖੁਆਉਣ ਵਾਲੀਆਂ ਚੀਜ਼ਾਂ** ਨੂੰ ਅਤੇ ਕੁਕਰਮੀਆਂ ਨੂੰ ਇਕੱਠਿਆਂ ਕਰਨਗੇ। (42) ਅਤੇ ਉਨ੍ਹਾਂ ਨੂੰ **ਭਖਦੇ ਭੱਠੇ** ਵਿੱਚ ਸੁੱਟ ਦੇਣਗੇ। ਉੱਥੇ **ਰੋਣਾ ਅਰ ਕਚੀਚੀਆਂ ਵੱਟਣਾ** ਹੋਵੇਗਾ। (43) ਤਦ ਧਰਮੀ ਲੋਕ ਆਪਣੇ ਪਿਤਾ ਦੇ ਰਾਜ ਵਿੱਚ ਸੂਰਜ ਵਾਂਙੁ ਚਮਕਣਗੇ। ਜਿਹ ਦੇ ਕੰਨ ਹੋਣ ਸੋ ਸੁਣੇ।

1 ਕੁਰਿੰਥੀਆਂ 15:24–28 **ਉਹ ਦੇ ਮਗਰੋਂ ਅੰਤ ਹੈ।** ਤਦ ਉਹ ਰਾਜ ਨੂੰ ਪਰਮੇਸ਼ੁਰ ਅਤੇ ਪਿਤਾ ਦੇ ਹੱਥ ਸੌਂਪ ਦੇਵੇਗਾ ਜਦ ਉਹ ਨੇ **ਹਰੇਕ ਹਕੂਮਤ** ਅਤੇ **ਹਰੇਕ ਇਖ਼ਤਿਆਰ** ਅਤੇ **ਕੁਦਰਤ ਨੂੰ ਨਾਸ ਕਰ ਦਿੱਤਾ** ਹੋਵੇਗਾ। (25) ਕਿਉਂਕਿ ਜਿਨ੍ਹਾਂ ਚਿਰ

ਉਹ ਸਾਰੇ ਵੈਰੀਆਂ ਨੂੰ ਆਪਣੇ ਪੈਰਾਂ ਹੇਠ ਨਾ ਕਰ ਲਵੇ ਉੱਨਾ ਚਿਰ ਉਸ ਨੇ ਰਾਜ ਕਰਨਾ ਹੈ। (26) ਛੇਕੜਲਾ ਵੈਰੀ ਜਿਹ ਦਾ ਨਾਸ ਹੋਣਾ ਹੈ ਸੋ **ਮੌਤ** ਹੈ। (27) **ਉਸ ਨੇ ਸੱਭੋ ਕੁਝ ਉਹ ਦੇ ਪੈਰਾਂ ਹੇਠ ਕਰ ਦਿੱਤਾ।** ਪਰ ਜਾਂ ਉਹ ਕਹਿੰਦਾ ਹੈ ਜੋ ਸੱਭੋ ਕੁਝ ਹੇਠ ਕੀਤਾ ਗਿਆ ਹੈ ਤਾਂ ਪਰਗਟ ਹੈ ਕਿ ਜਿਹ ਨੇ ਸੱਭੋ ਕੁਝ ਉਹ ਦੇ ਹੇਠ ਕਰ ਦਿੱਤਾ ਉਹ ਆਪ ਹੇਠ ਹੋਣ ਤੋਂ ਰਹਿਤ ਹੈ। (28) ਅਤੇ ਜਾਂ ਸੱਭੋ ਕੁਝ ਉਹ ਦੇ ਅਧੀਨ ਕੀਤਾ ਗਿਆ ਹੋਵੇਗਾ ਤਾਂ ਪੁੱਤਰ ਆਪ ਵੀ ਉਸ ਦੇ ਅਧੀਨ ਹੋਵੇਗਾ ਜਿਹ ਨੇ ਸੱਭੋ ਕੁਝ ਉਹ ਦੇ ਅਧੀਨ ਕਰ ਦਿੱਤਾ ਭਈ **ਪਰਮੇਸ਼ੁਰ ਸਭਨਾਂ ਵਿੱਚ ਸਭ ਕੁਝ ਹੋਵੇ।**

## XVI. ਨਵਾਂ ਅਕਾਸ਼ ਅਤੇ ਧਰਤੀ

**ਪਰਕਾਸ਼ ਦੀ ਪੋਥੀ** 21:1-6 ਤਾਂ ਮੈਂ **ਨਵਾਂ ਅਕਾਸ਼ ਅਤੇ ਨਵੀਂ ਧਰਤੀ** ਵੇਖੀ ਕਿਉਂ ਜੋ ਪਹਿਲਾ ਅਕਾਸ਼ ਅਤੇ ਪਹਿਲੀ ਧਰਤੀ ਜਾਂਦੀ ਰਹੀ ਹੈ ਅਤੇ ਹੁਣ ਅਗਾਹਾਂ ਨੂੰ ਸਮੁੰਦਰ ਹੈ ਨਹੀਂ। (2) ਅਤੇ ਮੈਂ **ਪਵਿੱਤਰ ਨਗਰੀ ਨਵੀਂ ਯਰੂਸ਼ਲਮ** ਨੂੰ ਇਉਂ ਤਿਆਰ ਕੀਤੀ ਹੋਈ ਮਾਨੋ ਲਾੜੀ ਆਪਣੇ ਲਾੜੇ ਲਈ ਸ਼ਿੰਗਾਰੀ ਹੋਈ ਹੈ ਪਰਮੇਸ਼ੁਰ ਦੇ ਕੋਲੋਂ ਅਕਾਸ਼ੋਂ ਉਤਰਦੀ ਨੂੰ ਵੇਖਿਆ। (3) ਅਤੇ ਮੈਂ ਸਿੰਘਾਸਣ ਤੋਂ ਇੱਕ ਵੱਡੀ ਅਵਾਜ਼ ਇਹ ਆਖਦੇ ਸੁਣੀ ਭਈ ਵੇਖ, ਪਰਮੇਸ਼ੁਰ ਦਾ ਡੇਰਾ ਮਨੁੱਖਾਂ ਦੇ ਨਾਲ ਹੈ ਅਤੇ ਉਹ ਓਹਨਾਂ ਨਾਲ ਡੇਰਾ ਕਰੇਗਾ ਅਤੇ ਓਹ ਉਸ ਦੀ ਪਰਜਾ ਹੋਣਗੇ ਅਤੇ ਪਰਮੇਸ਼ੁਰ ਆਪ ਓਹਨਾਂ ਦਾ ਪਰਮੇਸ਼ੁਰ ਹੋ ਕੇ ਓਹਨਾਂ ਦੇ ਨਾਲ ਰਹੇਗਾ। (4) ਅਤੇ **ਉਹ** ਓਹਨਾਂ ਦੀਆਂ ਅੱਖੀਆਂ ਤੋਂ **ਹਰੇਕ ਅੰਝੂ ਪੂੰਝੇਗਾ** ਅਤੇ ਹੁਣ **ਅਗਾਹਾਂ ਨੂੰ ਮੌਤ ਨਾ ਹੋਵੇਗੀ**, ਨਾ ਅਗਾਹਾਂ ਨੂੰ ਸੋਗ ਨਾ ਰੋਣਾ ਨਾ ਦੁੱਖ ਹੋਵੇਗਾ। ਪਹਿਲੀਆਂ ਗੱਲਾਂ ਜਾਂਦੀਆਂ ਰਹੀਆਂ।

(5) ਅਤੇ ਉਹ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਬੋਲਿਆ, **ਵੇਖ, ਮੈਂ ਸੱਭੋ ਕੁਝ ਨਵਾਂ ਬਣਾਉਂਦਾ ਹਾਂ**, ਅਤੇ ਓਨ ਆਖਿਆ, ਲਿਖ, ਕਿਉਂ ਜੋ ਇਹ ਬਚਨ ਨਿਹਚਾ ਜੋਗ ਅਤੇ ਸਤ ਹਨ।

(6) ਅਤੇ ਓਨ ਮੈਨੂੰ ਆਖਿਆ,

**ਹੋ ਗਿਆ ਹੈ! ਮੈਂ ਅਲਫਾ ਅਤੇ ਓਮੇਗਾ,**
**ਆਦ ਅਤੇ ਅੰਤ ਹਾਂ।**